ਅਮਰੀਕਾ ਸਮੇਤ ਯੂਰਪ ਦੇ ਤਮਾਮ ਦੇਸ਼ਾਂ ਵਿਚ ਆਰਥਿਕ ਮੰਦੀ ਦਾ ਦੌਰ ਲਗਾਤਾਰ ਜਾਰੀ ਹੈ। ਇਥੋਂ ਦੀਆਂ ਵੱਡੀਆਂ-ਵੱਡੀਆਂ ਕੰਪਨੀਆਂ ਜਾਂ ਤਾਂ ਹੋਲੀ-ਹੋਲੀ ਬੰਦ ਹੋ ਰਹੀਆਂ ਹਨ ਜਾਂ ਉਨ੍ਹਾਂ ਵੱਲੋਂ ਵੱਡੇ ਪੱਧਰ 'ਤੇ ਇਨ੍ਹਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਜਾਂ ਕਾਮਿਆਂ ਦੀ ਛਾਂਟੀ ਕੀਤੀ ਜਾ ਰਹੀ ਹੈ। ਨਵੀਂ ਉਸਾਰੀ ਦਾ ਕੰਮ ਲਗਭਗ ਰੁਕ ਗਿਆ ਹੈ। ਇਨ੍ਹਾਂ ਕੰਪਨੀਆਂ ਦੀਆਂ ਕੀਮਤਾਂ ਵਿਚ ਵੱਡੀ ਗਿਰਾਵਟ ਆ ਗਈ ਹੈ। ਇਨ੍ਹਾਂ ਨਾਲ ਸੰਬੰਧਿਤ ਵੱਡੀਆਂ-ਛੋਟੀਆਂ ਰਿਹਾਇਸ਼ਗਾਹਾਂ, ਫੈਕਟਰੀਆਂ ਅਤੇ ਕੰਮ ਕਰਨ ਵਾਲੇ ਦਫ਼ਤਰ ਖਾਲੀ ਹੋਣੇ ਸ਼ੁਰੂ ਹ�ो ਗਏ ਹਨ। ਮੰਦਵਾੜੇ ਤੋਂ ਪ੍ਰਭਾਵਿਤ ਦੇਸ਼ਾਂ ਵਿਚ ਬੇਰੁਜ਼ਗਾਰੀ ਦੀ ਵਧਦੀ ਸਮੱਸਿਆ ਨੇ ਨਵੀਂ ਸਥਿਤੀ ਪੈਦਾ ਕਰ ਦਿੱਤੀ ਹੈ। ਇਹ ਗਨੀਮਤ ਹੀ ਸਮਝੀ ਜਾਣੀ ਚਾਹੀਦੀ ਹੈ ਕਿ ਅਜਿਹੇ ਸਮੇਂ ਇਸ ਆਰਥਿਕ ਮੰਦਵਾੜੇ ਦਾ ਸੇਕ ਏਸ਼ੀਆ ਦੇ ਮੁਲਕਾਂ ਵਿਚ ਘੱਟ ਪੁੱਜਾ। ਭਾਰਤ ਦੀ ਅਰਥ-ਵਿਵਸਥਾ ਦੇ ਆਪਣੀ ਤਰ੍ਹਾਂ ਦੇ ਵੱਖਰੇ ਹਾਲਾਤ ਹੋਣ ਕਰਕੇ ਹਾਲੇ ਤੱਕ ਇਸ ਦਾ ਬਹੁਤਾ ਅਸਰ ਦੇਖਣ ਨੂੰ ਨਹੀਂ ਸੀ ਮਿਲਿਆ। ਪਰ ਫਿਰ ਵੀ ਇਕ ਪੜਾਅ 'ਤੇ ਭਾਰਤ ਦੀ ਸਥਿਤੀ ਜ਼ਰੂਰ ਡੋਲਦੀ ਦਿਖਾਈ ਦਿੱਤੀ ਸੀ। ਅੱਜ ਇਥੋਂ ਦੇ ਕਰੋੜਾਂ ਹੀ ਲੋਕ ਦੁਨੀਆਂ ਭਰ ਦੇ ਮੁਲਕਾਂ ਵਿਚ ਜਾ ਕੇ ਆਪਣਾ ਕੰਮ-ਧੰਦਾ ਅਤੇ ਵੱਡੀ-ਛੋਟੀ ਪੱਧਰ ਦਾ ਵਪਾਰ ਚਲਾ ਰਹੇ ਹਨ। ਉਨ੍ਹਾਂ ਵਿਚ ਬਹੁਤੇ ਆਪਣੀ ਧਰਤੀ ਨਾਲ ਜੁੜੇ ਹੋਣ ਕਰਕੇ ਇਥੇ ਲਗਾਤਾਰ ਪੈਸਾ ਵੀ ਭੇਜਦੇ ਆ ਰਹੇ ਹਨ, ਜਿਸ ਕਾਰਨ ਸਾਡੇ ਦੇਸ਼ ਵਿਚ ਕਿਸੇ ਹੱਦ ਤੱਕ ਖੁਸ਼ਹਾਲੀ ਵੀ ਦੇਖੀ ਜਾ ਸਕਦੀ ਹੈ। ਪਰ ਹੁਣ ਬਾਹਰੋਂ ਪੈਸਾ ਆਉਣਾ ਕਾਫੀ ਘਟ ਗਿਆ ਹੈ। ਭਾਰਤ ਦਾ ਦੂਸਰੇ ਵਿਕਸਿਤ ਦੇਸ਼ਾਂ ਨਾਲ ਜੋ ਵਪਾਰ ਚਲਦਾ ਸੀ, ਉਸ 'ਤੇ ਵੀ ਪਿਛਲੇ ਇਕ-ਦੋ ਸਾਲਾਂ ਵਿਚ ਕਾਫੀ ਅਸਰ ਦੇਖਣ ਨੂੰ ਮਿਲ ਰਿਹਾ ਹੈ। ਇਸ ਨਾਲ ਦੇਸ਼ ਦੇ ਉਤਪਾਦਨ 'ਤੇ ਵੀ ਅਸਰ ਪਿਆ ਦੇਖਿਆ ਜਾ ਸਕਦਾ ਹੈ। ਪਰ ਇਸ ਦੇ ਬਾਵਜੂਦ ਇਹ ਵਿਸ਼ਵਾਸ ਪ੍ਰਗਟ ਕੀਤਾ ਜਾਂਦਾ ਰਿਹਾ ਹੈ ਕਿ ਭਾਰਤ ਆਪਣੀ ਅਰਥ-ਵਿਵਸਥਾ ਨੂੰ ਸੰਭਾਲਣ ਦੇ ਸਮਰੱਥ ਹੈ। ਪਰ ਹੁਣ ਦੁਬਈ ਵਿਚ ਜਿਸ ਤਰ੍ਹਾਂ ਦਾ ਆਰਥਿਕ ਸੰਕਟ ਬਣਿਆ ਦਿਖਾਈ ਦਿੰਦਾ ਹੈ, ਉਸ ਨੇ ਭਾਰਤ ਵਿਚ ਵੀ ਇਸ ਸਬੰਧੀ ਚਿੰਤਾ ਪੈਦਾ ਕਰ ਦਿੱਤੀ ਹੈ। ਦੁਬਈ ਦੀ ਸਭ ਤੋਂ ਵੱਡੀ ਸਰਕਾਰੀ ਕੰਪਨੀ ਦੁਬਈ ਵਰਲਡ ਨੇ ਆਪਣੀ ਆਰਥਿਕ ਮੰਦੀ ਦਾ ਵਿਖਾਵਾ ਕਰਕੇ ਦੁਨੀਆਂ ਭਰ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਇਸ ਕੰਪਨੀ ਦੇ ਸਿਰ 59 ਅਰਬ ਡਾਲਰ ਦਾ ਕਰਜ਼ਾ ਚੜ੍ਹ ਗਿਆ ਹੈ ਜਿਹੜਾ ਲਗਭਗ 2750 ਅਰਬ ਰੁਪਏ ਬਣਦਾ ਹੈ। ਇਹ ਕੰਪਨੀ ਕਰਜ਼ੇ ਨੂੰ ਲਾਹੁਣ ਵਿਚ ਅਸਮਰੱਥ ਨਜ਼ਰ ਆਉਂਦੀ ਹੈ। ਪਿਛਲੇ ਸਮੇਂ ਵਿਚ ਦੁਬਈ ਵਿਚ ਇਮਾਰਤ ਉਸਾਰੀ ਦਾ ਕੰਮ ਵੱਡੇ ਪੱਧਰ 'ਤੇ ਸ਼ੁਰੂ ਹੋਇਆ ਸੀ। ਇਸ ਉਸਾਰੀ ਲਈ ਇਸ ਕੰਪਨੀ ਨੇ ਦੁਨੀਆਂ ਭਰ ਦੇ ਬੈਂਕਾਂ ਤੋਂ ਕਰਜ਼ਾ ਲਿਆ ਸੀ। ਪਰ ਹੁਣ ਕੌਮਾਂਤਰੀ ਮੰਦੀ ਕਾਰਨ ਇਥੇ ਉਸਾਰੀਆਂ ਗਈਆਂ ਵਪਾਰਕ ਅਤੇ ਗੈਰ-ਵਪਾਰਕ ਇਮਾਰਤਾਂ ਦਾ ਕੋਈ ਖਰੀਦਦਾਰ ਨਹੀਂ ਰਿਹਾ। ਇਥੇ ਹੀ ਬਸ ਨਹੀਂ, ਦੁਬਈ ਵਿਚਲੇ ਦੁਨੀਆਂ ਦੇ ਵੱਡੇ ਸ਼ਾਪਿੰਗ ਮਾਲ, ਜਿਨ੍ਹਾਂ ਵਿਚ ਸੈਂਕੜੇ ਹੀ ਵੱਡੀਆਂ ਦੁਕਾਨਾਂ ਬਣੀਆਂ ਹੋਈਆਂ ਹਨ, ਵੀ ਹੁਣ ਭਾਂਅ-ਭਾਂਅ ਕਰਦੀਆਂ ਨਜ਼ਰ ਆ ਰਹੀਆਂ ਹਨ।

ਭਾਰਤ 'ਤੇ ਇਸ ਦਾ ਅਸਰ ਇਸ ਕਰਕੇ ਵੀ ਵਧੇਰੇ ਪੈ ਸਕਦਾ ਹੈ ਕਿਉਂਕਿ ਅੱਜ 10 ਲੱਖ ਤੋਂ ਵੀ ਵਧੇਰੇ ਭਾਰਤੀ ਦੁਬਈ ਵਿਚ ਕਈ ਤਰ੍ਹਾਂ ਦੇ ਕਾਰੋਬਾਰ ਵਿਚ ਲੱਗੇ ਹੋਏ ਹਨ, ਜੋ ਲਗਭਗ ਬਹੁਤ ਸਾਰਾ ਪੈਸਾ ਭਾਰਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਭੇਜਦੇ ਹਨ। ਇਸ ਤਰ੍ਹਾਂ ਦੁਬਈ ਦੀਆਂ ਕੰਪਨੀਆਂ 'ਤੇ ਪਏ ਬੁਰੇ ਪ੍ਰਭਾਵ ਦਾ ਅਸਰ ਲਾਜ਼ਮੀ ਤੌਰ 'ਤੇ ਭਾਰਤ ਵਿਚ ਵੀ ਮਹਿਸੂਸ ਕੀਤਾ ਜਾਵੇਗਾ। ਇਸ ਪ੍ਰਤੀ ਭਾਰਤ ਸਰਕਾਰ ਕੁਝ ਸੁਚੇਤ ਹੋਈ ਜਾਪਦੀ ਹੈ। ਸਰਕਾਰ ਨੇ ਆਪਣੇ ਵੱਲੋਂ ਲੋਕਾਂ ਨੂੰ ਇਸ ਸਬੰਧੀ ਵਿਸ਼ਵਾਸ ਦਿਵਾਉਣ ਲਈ ਕਈ ਬਿਆਨ ਦਿੱਤੇ ਹਨ। ਪਰ ਇਨ੍ਹਾਂ ਬਿਆਨਾਂ ਦੇ ਨਾਲ-ਨਾਲ ਆਉਂਦੇ ਸਮੇਂ ਵਿਚ ਸਰਕਾਰ ਨੂੰ ਸੁਚੇਤ ਰੂਪ ਵਿਚ ਆਪਣੀਆਂ ਨੀਤੀਆਂ ਨੂੰ ਢਾਲਣ ਦੀ ਜ਼ਰੂਰਤ ਹੋਵੇਗੀ ਕਿਉਂਕਿ ਭਾਰਤ ਵਰਗੇ ਦੇਸ਼ 'ਤੇ ਅਜਿਹੀ ਮੰਦੀ ਦੇ ਪਏ ਅਸਰ ਬੇਹੱਦ ਮਾਰੂ ਸਾਬਤ ਹੋ ਸਕਦੇ ਹਨ।

ਕੀ ਫ਼ਾਇਦਾ ਇਹੋ ਜਿਹੀਆਂ ਵਜ਼ੀਰੀਆਂ ਦਾ

ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਜਦੋਂ ਵਿਰੋਧੀ ਧਿਰ ਵਿੱਚ ਹੁੰਦੀ ਸੀ, ਕਾਫ਼ੀ ਭੱਲ ਖੱਟ ਲੈਂਦੀ ਸੀ, ਕਿਉਂਕਿ ਸਵਾਲਾਂ ਦੀ ਲੜੀ ਬੰਨ੍ਹੀ ਛੱਡਦੀ ਸੀ। ਜਦੋਂ ਉਹਦੀ ਪਾਰਟੀ ਪਿਛਲੀ ਵਾਰੀ ਸੱਤਾ ਵਿੱਚ ਆਈ ਤੇ ਇਸ ਨੂੰ ਸੀਨੀਅਰ ਹੋਣ ਦੇ ਬਾਵਜੂਦ ਮੰਤਰੀ ਨਾ ਬਣਾਇਆ, ਇਹ ਓਦੋਂ ਵੀ ਲੋਕਾਂ ਵਿੱਚ ਨਾਮ ਕਮਾਉਂਦੀ ਰਹੀ ਸੀ। ਨੁਕਤਾ ਜੇ ਕੋਈ ਲੋਕਾਂ ਦੇ ਹਿੱਤ ਦਾ ਹੋਵੇ, ਇਹ ਆਪਣੀ ਪਾਰਟੀ ਦੀ ਭਾਈਵਾਲੀ ਵਾਲੀ ਸਰਕਾਰ ਵਿਰੁੱਧ ਵੀ ਵਾਕ-ਆਊਟ ਕਰ ਜਾਂਦੀ ਸੀ। ਇਸ ਵਾਰੀ ਜਦੋਂ ਉਸ ਨੂੰ ਮੰਤਰੀ ਬਣਾਇਆ ਗਿਆ ਤੇ ਮਹਿਕਮਾ ਵੀ ਲੋਕਾਂ ਦੀ ਸਿਹਤ ਸੁਰੱਖਿਆ ਦਾ ਦਿੱਤਾ ਗਿਆ, ਆਸ ਕੀਤੀ ਜਾਂਦੀ ਸੀ ਕਿ ਉਹ ਸਿੱਟੇ ਕੱਢ ਕੇ ਵਿਖਾਏਗੀ, ਪਰ ਉਹ ਅਜਿਹਾ ਨਹੀਂ ਕਰ ਸਕੀ। ਉਲਟਾ ਹਾਲਤ ਅੱਗੇ ਨਾਲੋਂ ਵੀ ਦਿਨ-ਬ-ਦਿਨ ਬਦਤਰ ਹੁੰਦੀ ਜਾ ਰਹੀ ਹੈ।

ਸ਼ੁਕਰਵਾਰ ਦੇ ਦਿਨ ਬੀਬੀ ਲਕਸ਼ਮੀ ਨੇ ਜਲੰਧਰ ਵਿੱਚ ਟਰੌਮਾ ਸੈਂਟਰ ਦਾ ਉਦਘਾਟਨ ਕਰਨ ਆਉਣਾ ਸੀ। ਇਹ ਕੇਂਦਰ ਉਨ੍ਹਾਂ ਮਰੀਜ਼ਾਂ ਲਈ ਬਣਾਇਆ ਜਾਂਦਾ ਹੈ, ਜਿਹੜੇ ਸਰੀਰਕ ਦੇ ਨਾਲ-ਨਾਲ ਇੱਕਦਮ ਮਾਨਸਿਕ ਸਦਮੇ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਜਿੱਥੇ ਇਸ ਕੇਂਦਰ ਦਾ ਉਦਘਾਟਨ ਕੀਤਾ ਜਾਣਾ ਸੀ, ਮੰਤਰੀ ਬੀਬੀ ਦੇ ਆਉਣ ਤੋਂ ਪਹਿਲਾਂ ਉਸ ਥਾਂ ਦੀਆਂ ਇਹੋ ਜਿਹੀਆਂ ਤਸਵੀਰਾਂ ਅਖ਼ਬਾਰਾਂ ਨੇ ਛਾਪੀਆਂ ਕਿ ਜੇ ਸੰਵੇਦਨਾ ਤੋਂ ਸੱਖਣੀ ਨਾ ਹੋਵੇ ਤਾਂ ਮੰਤਰੀ ਖੁਦ ਮਾਨਸਿਕ ਸਦਮਾ (ਟਰੌਮਾ) ਮਹਿਸੂਸ ਕਰ ਸਕਦੀ ਹੈ। ਵਾਰਡ ਦੇ ਇੱਕ ਖੁੰਜੇ ਵਿੱਚ ਗੰਦਗੀ ਦੇ ਢੇਰ ਲੱਗੇ ਹੋਏ ਹਨ। ਸੂਰਜੀ ਸ਼ਕਤੀ ਦਾ ਪੈਨਲ ਟੁੱਟਾ ਪਿਆ ਹੈ। ਟੁੱਟਾ-ਭੱਜਾ ਫਰਨੀਚਰ ਤੇ ਹੋਰ ਕਚਰਾ ਛੱਤ ਉਤੇ ਇੰਝ ਸੁੱਟਿਆ ਗਿਆ ਹੈ, ਜਿਵੇਂ ਇਸ ਸੈਂਟਰ ਨੂੰ ਨਜ਼ਰ ਲੱਗਣ ਤੋਂ ਬਚਾਉਣ ਲਈ ਨਜ਼ਰ-ਵੱਟੂ ਟਿਕਾਇਆ ਗਿਆ ਹੋਵੇ। ਪਾਣੀ ਵਾਲੀ ਟੈਂਕੀ ਖੁੱਲ੍ਹੀ ਪਈ ਹੈ, ਜਿਸ ਵਿੱਚੋਂ ਪੰਛੀ ਜੇ ਪਾਣੀ ਪੀਂਦੇ ਹੋਣਗੇ ਤਾਂ ਗੰਦਗੀ ਵੀ ਮਿਲਾਉਂਦੇ ਹੋਣਗੇ। ਕੋਈ ਚੀਜ਼ ਠੀਕ-ਠਾਕ ਨਜ਼ਰ ਹੀ ਨਹੀਂ ਆ ਰਹੀ। ਮੰਤਰੀ ਜੀ ਨੇ ਫੇਰ ਵੀ ਉਦਘਾਟਨ ਕਰਨ ਦਾ ਪ੍ਰੋਗਰਾਮ ਬਣਾ ਲਿਆ।

ਦੂਜੀ ਗੱਲ ਇਹ ਕਿ ਟਰੌਮਾ ਸੈਂਟਰ ਕੇਂਦਰ ਸਰਕਾਰ ਦੇ ਦਿੱਤੇ ਪੈਸੇ ਨਾਲ ਚੱਲਣੇ ਹੁੰਦੇ ਹਨ, ਤਾਂ ਕਿ ਨਾਗਰਿਕਾਂ ਨੂੰ ਹੰਗਾਮੀ ਹਾਲਾਤ ਵਿੱਚ ਫੌਰੀ ਸਹਾਇਤਾ ਦਿੱਤੀ ਜਾ ਸਕੇ ਜਿਸ ਟਰੌਮਾ ਸੈਂਟਰ ਦਾ ਮੰਤਰੀ ਬੀਬੀ ਉਦਘਾਟਨ ਕਰਨ ਤੁਰ ਪਈ, ਉਸ ਬਾਰੇ ਅਖ਼ਬਾਰਾਂ ਲਿਖ ਰਹੀਆਂ ਹਨ ਕਿ ਓਥੇ ਕੋਈ ਸਟਾਫ ਹੀ ਨਿਯੁਕਤ ਨਹੀਂ ਸੀ ਕੀਤਾ ਗਿਆ। ਖੜੇ ਪੈਰ ਜੇ ਕੋਈ ਚਾਰ ਜਣਿਆਂ ਦੀ ਆਰਜ਼ੀ ਨਿਯੁਕਤੀ ਕਰਕੇ ਡੰਗ ਟਪਾ ਵੀ ਲਿਆ ਤਾਂ ਅਗਲੇ ਦਿਨ ਉਸ ਸੈਂਟਰ ਵਿੱਚ ਫੇਰ ਉਲੂ ਬੋਲਣਗੇ। ਸਾਫ ਹੈ ਕਿ ਕੰਮ ਬਾਰੇ ਸੰਜੀਦਗੀ ਹੀ ਕੋਈ ਨਹੀਂ।

ਅੱਗੋਂ ਸਿਹਤ ਸੇਵਾਵਾਂ ਦਾ ਜੋ ਹਾਲ ਹੈ, ਉਸ ਬਾਰੇ ਮੰਤਰੀ ਨੂੰ ਪਤਾ ਨਹੀਂ ਹੋਣਾ, ਲੋਕਾਂ ਨੂੰ ਪਤਾ ਹੈ, ਜਿਹੜੇ ਰੋਜ਼ ਭੁਗਤਦੇ ਹਨ। ਹਾਲੇ ਬੁੱਧਵਾਰ ਦੀ ਖ਼ਬਰ ਹੈ ਕਿ ਇੱਕ ਬੀਬੀ ਦਾ ਜਣੇਪਾ ਜਲੰਧਰ ਦੇ ਸਿਵਲ ਹਸਪਤਾਲ ਦੀ ਪਾਰਕਿੰਗ ਵਿੱਚ ਖੜੇ ਥ੍ਰੀ-ਵੀਲਰ ਵਿੱਚ ਹੀ ਹੋ ਗਿਆ। ਹੋਇਆ ਇਸ ਕਰਕੇ ਕਿ ਜਲੰਧਰ ਤੋਂ ਸਿਰਫ ਪੰਦਰਾਂ ਮੀਲ ਦੂਰ ਪੌਦੇ ਪਿੰਡ ਤੋਂ ਉਸ ਦਾ ਪਤੀ ਉਸ ਨੂੰ ਨੇੜਲੇ ਸਿਹਤ ਕੇਂਦਰ ਲੈ ਕੇ ਗਿਆ ਸੀ। ਸਿਹਤ ਕੇਂਦਰ ਵਿਚਲੇ ਸਿਹਤ ਅਧਿਕਾਰੀ ਨੇ ਖੋਚਲ ਤੋਂ ਬਚਣ ਲਈ ਮਰੀਜ਼ ਦੀ ਹਾਲਤ 'ਗੰਭੀਰ' ਆਖ ਕੇ ਜਲੰਧਰ ਨੂੰ ਤੋਰ ਦਿੱਤਾ। ਥ੍ਰੀ-ਵੀਲਰ ਦੇ ਝਟਕੇ ਖਾਂਦੀ ਉਸ ਬੀਬੀ ਨੂੰ ਜਲੰਧਰ ਆਈ ਨੂੰ ਇਸ ਚੱਕਰ ਵਿੱਚ ਪਾ ਦਿੱਤਾ ਗਿਆ ਕਿ ਤੇਰਾ ਕਾਰਡ ਪਹਿਲਾਂ ਨਹੀਂ ਬਣਿਆ, ਉਹ ਬਣਵਾਇਆ ਜਾਵੇਗਾ, ਫੇਰ ਹੀ ਇਲਾਜ ਸ਼ੁਰੂ ਹੋ ਸਕੇਗਾ। ਜਿੰਨੀ ਦੇਰ ਨੂੰ ਕਾਗਜ਼ੀ ਖਾਨਾ ਪੂਰਤੀ ਹੋਣੀ ਸੀ, ਓਨੀ ਦੇਰ ਨੂੰ ਥ੍ਰੀ-ਵੀਲਰ ਵਿੱਚ ਹੀ ਉਸ ਬੀਬੀ ਨੇ ਕਿਸੇ ਦੀ ਮਦਦ ਤੋਂ ਬਿਨਾਂ ਜਨਮ ਦੇ ਦਿੱਤਾ, ਜਿਸ ਦੀ ਹਾਲਤ ਮੁੱਢਲੇ ਸਿਹਤ ਕੇਂਦਰ ਦੇ ਡਾਕਟਰਾਂ ਨੇ 'ਗੰਭੀਰ' ਆਖਕੇ ਜਲੰਧਰ ਨੂੰ ਤੋਰ ਦਿੱਤਾ ਸੀ। ਜੇ ਉਹ ਸਚਮੁੱਚ ਏਨੀ ਗੰਭੀਰ ਹੁੰਦੀ ਤਾਂ ਇੰਝ ਜਣੇਪਾ ਨਹੀਂ ਸੀ ਹੋ ਸਕਣਾ। ਸਾਫ ਹੈ ਕਿ ਮੁੱਢਲੇ ਸਿਹਤ ਕੇਂਦਰ ਤੋਂ ਜਲੰਧਰ ਹਸਪਤਾਲ ਤੱਕ ਹਰ ਥਾਂ ਲਾਪਰਵਾਹੀ ਕੀਤੀ ਗਈ ਹੈ।

ਇਸ ਸਬੰਧ ਵਿੱਚ ਵੀ ਭਾਰਤ ਸਰਕਾਰ ਦਾ ਫੈਸਲਾ ਹੈ ਕਿ ਕੋਈ ਵੀ ਜਣੇਪਾ ਹਸਪਤਾਲ ਤੋਂ ਬਾਹਰ ਨਹੀਂ ਹੋਵੇਗਾ, ਤਾਂ ਕਿ ਕਿਸੇ ਬੱਚੇ ਲਈ ਜਾਨ ਦਾ ਖਤਰਾ ਨਾ ਰਹੇ। ਇਲਾਜ ਦਾ ਖਰਚਾ ਵੀ ਭਾਰਤ ਸਰਕਾਰ ਨੇ ਦੇਣਾ ਹੈ ਤੇ ਜਣੇਪੇ ਵਿੱਚ ਸਹਾਇਤਾ ਕਰਨ ਵਾਲਿਆਂ ਨੂੰ ਹਰ ਜਣੇਪੇ ਦਾ ਵੱਖਰਾ ਸੇਵਾ-ਫਲ ਵੀ। ਹੈਰਾਨੀ ਵਾਲੀ ਗੱਲ ਹੈ ਕਿ ਇਸ ਦੇ ਬਾਵਜੂਦ ਸਾਡੇ ਸਿਹਤ ਵਿਭਾਗ ਦੇ ਕਰਮਚਾਰੀ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾ ਰਹੇ ਤੇ ਲੋਕੀ ਅੱਕ ਕੇ ਮਰੀਜ਼ਾਂ ਨੂੰ ਬਹਾਰ ਮਹਿੰਗੇ ਨਿੱਜੀ ਹਸਪਤਾਲਾਂ ਵਿੱਚ ਲਿਜਾਣ ਲਈ ਮਜ਼ਬੂਰ ਹਨ। ਮੰਤਰੀ ਬੀਬੀ ਨੂੰ ਰਾਜਨੀਤਕ ਤਿਕੜਮਬਾਜ਼ੀਆਂ ਤੋਂ ਹੀ ਕਦੇ ਵਿਹਲ ਨਹੀਂ ਮਿਲਦੀ, ਇਸ ਕਰਕੇ ਉਹ ਵਿਭਾਗ ਵੱਲ ਪੂਰਾ ਧਿਆਨ ਨਹੀਂ ਦੇ ਰਹੀ। ਜੇ ਜ਼ਿੰਮੇ ਲੱਗਾ ਫਰਜ਼ ਮੰਤਰੀ ਬੀਬੀ ਜੀ ਨਹੀਂ ਨਿਭਾਉਣਗੇ, ਹੇਠਲੇ ਵੀ ਕੋਈ ਪਰਵਾਹ ਕਿਉਂ ਕਰਨਗੇ? ਹਾਲਾਤ ਵਿੱਚ ਸੁਧਾਰ ਹੀ ਕੋਈ ਨਹੀਂ ਕਰਨਾ ਤਾਂ ਫਾਇਦਾ ਕੀ ਹੈ ਇਹੋ ਜਿਹੀਆਂ ਵਜ਼ੀਰੀਆਂ ਦਾ?

ਪ੍ਰਮਾਣੂ ਬਿਜਲੀਘਰ ਪ੍ਰਾਪਤ ਕਰਨ ਦੀ ਦੌੜ 'ਚ ਪੰਜਾਬ ਫਾਡੀ

ਪ੍ਰਮਾਣੂ ਬਿਜਲੀਘਰ ਪ੍ਰਾਪਤ ਕਰਨ ਲਈ ਦੇਸ਼ ਦੇ ਵੱਖ-ਵੱਖ ਰਾਜਾਂ ਦਰਮਿਆਨ ਲੱਗੀ ਦੌੜ 'ਚ ਪੰਜਾਬ ਫਾਡੀ ਰਹਿ ਗਿਆ ਲੱਗਦਾ ਹੈ। ਜਿੱਥੇ ਇਕ ਪਾਸੇ ਪੰਜਾਬ ਸਰਕਾਰ ਅਜੇ ਤਕ ਇਸ ਸਬੰਧੀ ਕੇਂਦਰ ਨੂੰ ਪੱਤਰ ਲਿਖਣ ਤੇ ਕੇਂਦਰੀ ਮੰਤਰੀਆਂ ਨੂੰ ਮਿਲਕੇ ਪ੍ਰਮਾਣੂ ਬਿਜਲੀਘਰ ਮੰਗਣ ਦੀ ਯੋਜਨਾ ਹੀ ਬਣਾ ਰਹੀ ਹੈ ਉਥੇ ਦੂਜੇ ਪਾਸੇ ਹਰਿਆਣਾ ਨੇ ਪੂਰੀ ਗੰਭੀਰਤਾ ਨਾਲ ਇਸ ਸਿਲਸਿਲੇ 'ਚ ਸੂਬੇ 'ਚ ਪ੍ਰਮਾਣੂ ਬਿਜਲੀਘਰ ਦੀ ਸਥਾਪਨਾ ਦਾ ਮੁੱਢਲਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਨਾ ਸਿਰਫ਼ ਕੇਂਦਰ ਨੇ ਹਰਿਆਣਾ ਦੇ ਫਤਿਹਾਬਾਦ ਜਿਲ੍ਹੇ 'ਚ 100 ਮੈਗਾਵਾਟ ਦਾ ਪ੍ਰਮਾਣੂ ਘਰ ਲਗਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ ਸਗੋਂ ਰਾਜ ਸਰਕਾਰ ਨੇ ਵੀ ਇਸ ਜਿਲ੍ਹੇ ਦੇ ਕੁਝ ਪਿੰਡਾਂ 'ਚ 1000 ਹੈਕਟੇਅਰ ਜ਼ਮੀਨ ਇਕਵਾਇਰ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇੰਨਾ ਹੀ ਨਹੀਂ, ਭਾਰਤੀ ਪ੍ਰਮਾਣੂ ਊਰਜਾ ਨਿਗਮ ਦੀ ਇਕ ਟੀਮ ਇਸ ਦੇ ਪ੍ਰਧਾਨ ਡਾ. ਐਸ. ਕੇ. ਜੈਨ. ਦੀ ਅਗਵਾਈ ਹੇਠ ਹਰਿਆਣਾ ਦਾ 2 ਦਸੰਬਰ ਤੋਂ ਤਿੰਨ-ਦਿਨਾਂ ਦੌਰਾ ਵੀ ਕਰੇਗੀ, ਜਿਸ ਦੌਰਾਨ ਇਸ ਪ੍ਰਾਜੈਕਟ ਨਾਲ ਜੁੜੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਪੰਜਾਬ ਸਰਕਾਰ ਇਨ੍ਹਾਂ ਸਰਗਰਮੀਆਂ 'ਤੇ ਨਜ਼ਰਾਂ ਟਿਕਾਈ ਬੈਠੀ ਹੈ ਪਰ ਕੁਝ ਨਹੀਂ ਸਕਦੀ। ਆਪਣੀ ਇਸ ਸਥਿਤੀ ਲਈ ਪੰਜਾਬ ਅਸਲ 'ਚ ਖੁਦ ਹੀ ਜ਼ਿੰਮੇਵਾਰ ਹੈ। ਵਰ੍ਹਿਆਂ ਤਕ ਪੰਜਾਬ ਸਰਕਾਰ ਦਾ ਇਹੀ ਸਟੈਂਡ ਰਿਹਾ ਹੈ ਕਿ ਸਰਹੱਦੀ ਤੇ ਸੰਘਣੀ ਅਬਾਦੀ ਵਾਲੇ ਸੂਬੇ ਪੰਜਾਬ 'ਚ ਪ੍ਰਮਾਣੂ ਬਿਜਲੀਘਰ ਦੀ ਸਥਾਪਨਾ ਸੁਰੱਖਿਅਤ ਨਹੀਂ ਹੈ। ਗੁਆਂਢੀ ਦੇਸ਼ ਨਾਲ ਜੰਗ ਦੇ ਸਮੇਂ ਪ੍ਰਮਾਣੂ ਬਿਜਲੀਘਰ ਹੀ ਦੁਸ਼ਮਣ ਦਾ ਸਭ ਤੋਂ ਵੱਡਾ ਨਿਸ਼ਾਨਾ ਰਹੇਗਾ। ਇਸ ਲਈ ਜੇ ਕਿਸੇ ਕਾਰਨ ਕੋਈ ਦੁਰਘਟਨਾ ਵੀ ਹੁੰਦੀ ਹੈ ਤਾਂ ਇਸ ਦੇ ਨਤੀਜੇ ਬਹੁਤ ਭਿਆਨਕ ਹੋਣਗੇ, ਜੋ ਪੰਜਾਬ ਵਰਗਾ ਸੂਬਾ ਝੱਲ ਨਹੀਂ ਸਕੇਗਾ।

ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਵੇਲੇ ਦੇ ਮੁੱਖ ਮੰਤਰੀ

ਕਰਜ਼ਈ ਦੀ ਜਿੱਤ ਅ.ਫਗਾਨੀ ਲੋਕਾਂ ਦੀ ਹਾਰ

ਕਰਜ਼ਈ ਦੀ ਅਫਗਾਨਿਸਤਾਨ ਦੇ ਪ੍ਰਧਾਨ ਲਈ ਚੋਣ ਵਿਚ ਜਿੱਤ ਲੋਕਰਾਜੀ ਵਿਵਸਥਾ ਅਤੇ ਚੋਣ ਪ੍ਰਕਿਰਿਆ ਦਾ ਮਖੌਲ ਉਡਾਉਣ ਬਰਾਬਰ ਹੈ। ਪੱਛਮੀ ਦੇਸ਼ਾਂ ਵੱਲੋਂ ਇਸ ਝੂਠੀ ਚੋਣ ਨੂੰ ਜਾਇਜ਼ ਠਹਿਰਾਉਣਾ ਉਨ੍ਹਾਂ ਦੇ ਦੰਭ ਅਤੇ ਦੋਗਲੀ ਨੀਤੀ ਦੀ ਮਿਸਾਲ ਹੈ। ਇਹ ਚੋਣ ਇਸ ਲਈ ਹੋਈ ਸੀ, ਕਿਉਂਕਿ ਮੁੱਢਲੀ ਚੋਣ ਵਿਚ ਹੇਰਾਫੇਰੀ ਅਤੇ ਘਪਲੇਬਾਜ਼ੀ ਦੇ ਦੋਸ਼ ਲੱਗੇ ਸਨ, ਜਿਸ ਕਰਕੇ ਕਰਜ਼ਈ ਨੂੰ 50 ਫੀਸਦੀ ਵੋਟਾਂ ਹਾਸਲ ਨਹੀਂ ਹੋ ਸਕੀਆਂ ਸਨ। ਕਰਜ਼ਈ ਦੇ ਵਿਰੋਧੀ ਨੇ ਚੋਣ ਨਾ ਲੜਨ ਦਾ ਫੈਸਲਾ ਕਰ ਲਿਆ, ਕਿਉਂਕਿ ਚੋਣ ਕਮਿਸ਼ਨ ਵਿਚ ਉਹੋ ਹੀ ਅਫਸਰ ਸਨ ਜਿਨ੍ਹਾਂ ਨੇ ਮੁਢਲੀਆਂ ਚੋਣਾਂ ਵਿਚ ਹੇਰਾਫੇਰੀ ਤੇ ਘਪਲੇਬਾਜ਼ੀ ਕੀਤੀ ਸੀ।

ਅਬਦੁਲਾ-ਅਬਦੁਲਾ ਨੇ ਕਿਹਾ ਕਿ ਉਹ ਹੀ ਅਫਸਰ ਨਿਰਪੱਖ ਚੋਣਾਂ ਕਿਵੇਂ ਕਰਵਾ ਸਕਦੇ ਹਨ? ਉਸ ਨੇ ਆਪਣੇ ਲੰਮੇ ਭਾਸ਼ਨ ਦੌਰਾਨ ਚੋਣਾਂ ਵਿਚ ਹੋਏ ਭ੍ਰਿਸ਼ਟਾਚਾਰ ਬਾਰੇ ਬਹੁਤ ਕੁਝ ਕਿਹਾ। ਇਹ ਭਾਸ਼ਨ ਟੀ. ਵੀ. 'ਤੇ ਸਿੱਧਾ ਪ੍ਰਸਾਰਤ ਕੀਤਾ ਜਾ ਰਿਹਾ ਸੀ। ਮੈਂ ਐਨ.ਬੀ. ਸੀ., ਸੀ. ਐਨ. ਐਨ. ਅਤੇ ਫੌਕਸ ਟੀ. ਵੀ. 'ਤੇ ਭਾਸ਼ਨ ਦੇਖਿਆ ਜਿਹੜਾ ਕਿ ਲੰਮਾ ਸਮਾਂ ਚਲਿਆ ਪ੍ਰੰਤੂ ਕਿਸੇ ਵੀ ਟੀ. ਵੀ. ਚੈਨਲ ਨੇ ਇਸ ਦਾ ਅੰਗਰੇਜ਼ੀ ਵਿਚ ਉਲਥਾ ਨਹੀਂ ਕੀਤਾ। ਬਅਦ ਵਿਚ ਕਿਹਾ ਗਿਆ ਕਿ ਉਸ ਨੇ ਚੋਣਾਂ ਦਾ ਬਾਈਕਾਟ ਕਰਨ ਲਈ ਨਹੀਂ ਕਿਹਾ ਅਤੇ ਇਹ ਕਿਹਾ ਕਿ ਮੈਂ ਚੋਣ ਨਹੀਂ ਲੜ ਰਿਹਾ, ਕਿਉਂਕਿ ਚੋਣ ਨਿਰਪੱਖ ਨਹੀਂ ਹੋਏਗੀ। ਅਬਦੁਲਾ-ਅਬਦੁਲਾ ਤੋਂ ਬਿਨਾਂ ਹੋਰ ਕੋਈ ਵੀ ਕਰਜ਼ਈ ਦੇ ਵਿਰੁੱਧ ਉਮੀਦਵਾਰ ਨਹੀਂ ਸੀ। ਇਸ ਲਈ ਇਸ ਨੂੰ ਚੋਣ ਕਿਵੇਂ ਕਿਹਾ ਜਾ ਸਕਦਾ ਹੈ, ਜਿਸ 'ਚ ਮੁੱਖ ਵਿਰੋਧੀ ਚੋਣਾਂ ਤੋਂ ਇਸ ਲਈ ਪਾਸੇ ਹਟ ਗਿਆ ਹੋਵੇ ਕਿ ਚੋਣਾਂ 'ਚ ਭ੍ਰਿਸ਼ਟਾਚਾਰ ਖਤਮ ਕਰਨ ਦੀਆਂ ਉਸ ਦੀਆਂ ਤਜਵੀਜ਼ਾਂ 'ਤੇ ਕਿਸੇ ਨੇ ਕੰਨ ਹੀ ਨਹੀਂ ਧਰਿਆ ਹੈ।

ਡਾ. ਸਵਰਾਜ ਸਿੰਘ

ਅਫਗਾਨਿਸਤਾਨ ਦੇ ਲੋਕ ਕਰਜ਼ਈ ਸਰਕਾਰ ਤੋਂ ਬਹੁਤ ਨਿਰਾਸ਼ ਹਨ, ਕਿਉਂਕਿ ਇਹ ਸਰਕਾਰ ਬਹੁਤ ਭ੍ਰਿਸ਼ਟ ਹੈ ਅਤੇ ਇਹ ਬਿਲਕੁਲ ਅਸਰਹੀਣ ਹੈ। ਕਰਜ਼ਈ ਦਾ ਪਰਿਵਾਰ ਅਤੇ ਸਰਕਾਰ ਦੇ ਹੋਰ ਕਰਮਚਾਰੀ ਪੈਸੇ ਬਟੋਰਨ 'ਤੇ ਲੱਗੇ ਹੋਏ ਹਨ। ਕਰਜ਼ਈ ਦੇ ਭਰਾ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਅਮਰੀਕਨ ਖੁਫੀਆ ਏਜੰਸੀ ਸੀ. ਆਈ. ਏ. ਲਈ ਕੰਮ ਕਰਦਾ ਹੈ। ਅਸਲ ਵਿਚ ਤਾਂ ਅਫਗਾਨਿਸਤਾਨ 'ਤੇ ਵਾਰ ਲਾਰਡਸ (ਲਤਾਕੂ ਚੌਧਰੀਆਂ) ਦਾ ਰਾਜ ਹੈ। ਲੋਕਾਂ ਦੀ ਨਾ ਕੋਈ ਸੁਰੱਖਿਆ ਹੈ ਤੇ ਨਾ ਹੀ ਕੋਈ ਕਾਨੂੰਨ ਵਿਵਸਥਾ ਹੈ। ਲਗਭਗ ਅੱਧੇ ਅਫਗਾਨਿਸਤਾਨ 'ਤੇ ਤਾਲਿਬਾਨ ਦਾ ਕਬਜ਼ਾ ਹੈ, ਬਾਕੀ ਦੇ ਇਲਾਕੇ ਵਿਚ ਵੀ ਸਰਕਾਰ ਦਾ ਪੂਰਾ ਕੰਟਰੋਲ ਨਹੀਂ ਹੈ। ਤਾਲਿਬਾਨ ਕਿਸੇ ਵੀ ਇਲਾਕੇ 'ਤੇ ਹਮਲਾ ਕਰ ਸਕਦੇ ਹਨ। ਉਨ੍ਹਾਂ ਨੇ ਕਾਬਲ ਦੇ ਉਨ੍ਹਾਂ ਇਲਾਕਿਆਂ 'ਤੇ ਵੀ ਹਮਲੇ ਕੀਤੇ ਹਨ, ਜਿਨ੍ਹਾਂ ਨੂੰ ਕਿ ਸਭ ਤੋਂ ਵੱਧ ਸੁਰੱਖਿਅਤ ਸਮਝਿਆ ਜਾਂਦਾ ਹੈ। ਕਾਬਲ ਤੋਂ ਕੰਧਾਰ ਜਾਣ ਵਾਲੀ ਵੱਡੀ ਸੜਕ (ਹਾਈਵੇ) ਬਹੁਤ ਹੀ ਅਸੁਰੱਖਿਅਤ ਤੇ ਖਤਰਨਾਕ ਹੈ। ਇਸ ਨੂੰ ਮੌਤ ਦਾ ਸ਼ਾਹਰਾਹ (ਹਾਈਵੇ ਆਫ ਡੈਥ) ਕਿਹਾ ਜਾਂਦਾ ਹੈ, ਕਿਉਂਕਿ ਕਿਸੇ ਵੀ ਵੇਲੇ ਅਤੇ ਕਿਸੇ ਵੀ ਜਗ੍ਹਾ 'ਤੇ ਤਾਲਿਬਾਨ ਹਮਲਾ ਕਰ ਸਕਦੇ ਹਨ। ਜਿਹੜੇ ਟਰੱਕ ਡਰਾਈਵਰ ਇਸ ਸੜਕ 'ਤੇ ਚਲਦੇ ਹਨ ਉਹ ਕਹਿੰਦੇ ਹਨ ਕਿ ਸਾਨੂੰ ਪਤਾ ਨਹੀਂ ਹੁੰਦਾ ਕਿ ਅਸੀਂ ਜਿਉਂਦੇ ਵਾਪਸ ਆਵਾਂਗੇ ਕਿ ਨਹੀਂ।

ਅਸਲੀਅਤ ਤਾਂ ਇਹ ਹੈ ਕਿ ਤਾਲਿਬਾਨ ਦੀ ਜਿੱਤ ਹੋਈ ਹੈ, ਕਿਉਂਕਿ ਪੱਛਮੀ ਦੇਸ਼ਾਂ ਨੇ ਚੋਣ ਨਾ ਕਰਵਾਉਣ ਦਾ ਫੈਸਲਾ ਇਸ ਲਈ ਕੀਤਾ ਹੈ ਕਿ ਜੇਕਰ ਚੋਣ ਕਰਵਾਈ ਗਈ ਤਾਂ ਤਾਲਿਬਾਨ ਹਿੰਸਾ ਹੋਰ ਵੱਧਾ ਦੇਣਗੇ। ਤਾਲਿਬਾਨ ਨੇ ਇਹ ਚਿਤਾਵਨੀ ਵੀ ਦਿੱਤੀ ਸੀ ਕਿ ਜੇ ਚੋਣ ਹੋਈ ਤਾਂ ਉਹ ਹਿੰਸਾ ਤੇਜ਼ ਕਰ ਦੇਣਗੇ। ਚੋਣ ਨਾ ਕਰਵਾ ਕੇ ਪੱਛਮੀ ਦੇਸ਼ਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਹੁਣ ਤਾਲਿਬਾਨ ਉਹ ਕੁਝ ਕਰਵਾ ਸਕਦੇ ਹਨ ਜੋ ਉਹ ਕਰਵਾਉਣਾ ਚਾਹੁੰਦੇ ਹਨ। ਅਫਗਾਨਿਸਤਾਨ ਦੀ ਲੜਾਈ ਜਲਦੀ ਖਤਮ ਹੋਣ ਦੇ ਆਸਾਰ ਨਹੀਂ ਹਨ। ਇਕ ਗੱਲ ਯਕੀਨੀ ਹੈ ਕਿ ਪੱਛਮ ਇਹ ਲੜਾਈ ਜਿੱਤ ਨਹੀਂ ਸਕਦਾ। ਕਰਜ਼ਈ ਤਾਂ ਇਕ ਚੋਣ ਦਾ ਢੋਂਗ ਵੀ ਨਹੀਂ ਕਰਵਾ ਸਕਿਆ। ਇਹ ਸਪੱਸ਼ਟ ਹੋ ਗਿਆ ਹੈ ਕਿ ਕਰਜ਼ਈ ਦੀ ਅਫਗਾਨਿਸਤਾਨ ਵਿਚ ਨਹੀਂ ਚਲਦੀ ਅਤੇ ਉਹ ਤਾਲਿਬਾਨ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੈ, ਜਿਉਂ ਜਿਉਂ ਅਫਗਾਨਿਸਤਾਨ ਵਿਚ ਮਰਨ ਵਾਲੇ ਪੱਛਮੀ ਫੌਜੀਆਂ ਦੀ ਗਿਣਤੀ ਵਧੀ ਜਾਂਦੀ ਹੈ, ਤਿਉਂ ਤਿਉਂ ਪੱਛਮੀ ਦੇਸ਼ਾਂ 'ਚ ਇਸ ਲੜਾਈ ਵਿਰੁੱਧ ਲੋਕਾਂ ਦਾ ਰੋਹ ਵਧ ਰਿਹਾ ਹੈ ਅਤੇ ਲੋਕ ਆਪਣੀਆਂ ਸਰਕਾਰਾਂ 'ਤੇ ਦਬਾਅ ਪਾ ਰਹੇ ਹਨ ਕਿ ਫੌਜਾਂ ਵਾਪਸ ਬੁਲਾ ਲਈਆਂ ਜਾਣ। ਜਰਨੈਲ ਚਾਹੁੰਦੇ ਹਨ ਕਿ ਜੇ ਲੜਾਈ ਜਿੱਤਣੀ ਹੈ ਤਾਂ ਹੋਰ ਫੌਜਾਂ ਦੀ ਲੋੜ ਹੈ, ਸਰਕਾਰਾਂ ਦੁਬਿੱਧਾ ਵਿਚ ਹਨ ਕਿ ਉਹ ਜਰਨੈਲਾਂ ਦੀ ਸੁਣਨ ਜਾਂ ਲੋਕਾਂ ਦੀ।

ABBY Tax & Co. Ltd.

- Income Tax Returns
- Business & Corporate Returns
- GST & WCB Returns
- Bookkeeping
- Payroll Services
- Satisfaction Guaranteed
- EI on-line applications
- Immigration & permanent resident applications

- ਇੰਨਕਮ ਟੈਕਸ ਰੀਟਰਨਜ਼
- ਬਿਜ਼ਨਿਸ ਅਤੇ ਕਾਰਪੋਰੇਟ ਰੀਟਰਨਜ਼
- ਜੀ.ਐਸ.ਟੀ. ਐਂਡ ਡਬਲਯੂ ਸੀ.ਬੀ.ਰੀਟਰਨਜ਼
- ਬੁਕ ਕੀਪਿੰਗ
- ਪੇ ਰੋਲ ਸਰਵਿਸਿਜ਼
- ਪੂਰਨ ਤਸੱਲੀਬਖਸ਼ ਗਰੰਟੀ
- ਈ.ਐਲ.ਔਨ ਲਾਈਨ ਐਪਲੀਕੇਸ਼ਨਜ਼
- ਇਮੀਗਰੇਸ਼ਨ ਐਂਡ ਪਰਮਾਨੈਂਟ ਰੈਜ਼ੀਡੈਂਟ ਐਪਲੀਕੇਸ਼ਨਜ਼

Balbir S. Bolla
Phone: 604.854.1524
Cell: 604.807.4003

E-FILE $20.00

In Business for the Last 13 Years!

ਪਿਛਲੇ 13 ਸਾਲਾਂ ਤੋਂ ਬਿਜ਼ਨਿਸ ਵਿੱਚ

For all your personal & business accounting needs call today!

ਕ੍ਰਿਪਾ ਕਰਕੇ ਆਪਣੀਆਂ ਪਰਸਨਲ ਅਤੇ ਕਾਰੋਬਾਰੀ ਅਕਾਊਂਟਿੰਗ ਦੀਆਂ ਲੋੜਾਂ ਲਈ ਫੋਨ ਕਰੋ!

31605 Harmony Court, Abbotsford, BC EMAIL: bbolla@shaw.ca

WE MAKE MORTGAGES EASY - REALLY EASY!

MORTGAGE PRODUCTS
- Fixed Terms
- Open and Closed Terms
- Variable Rate Mortgage
- First Time Buyers Program
- Self Employment Programs
- Not So Perfect Credit Programs

EVEN MORE PRODUCTS!
- Refinancing
- Second & Third Mortgages
- Investment & Vacation Properties
- Home Equity Lines of Credit

Avoid the Hassle of Visiting Your Banker on Their Schedule!
GET WHAT YOU WANT IN A MORTGAGE, NOT WHAT THE BANK WANTS!
ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਮੌਰਗੇਜ਼ ਨਵੇਂ ਘਰ ਦੀ ਮੌਰਗੇਜ਼ ਜਾਂ ਆਪਣੀ ਮੌਰਗੇਜ਼ ਰਿਨਿਊ ਕਰਵਾਉਣ ਲਈ ਰਵੀ ਸਿੰਘ ਨੂੰ ਅੱਜ ਹੀ ਫੋਨ ਕਰੋ।

DOMINION LENDING CENTRES
Dominion Lending Centres Leading Edge Independently Owned & Operated
RAVI SINGH
604-556-9524
RSINGH@DOMINIONLENDING.CA
www.RaviSinghMortgages.ca

ਖੇਡ - ਖਿਡਾਰੀ

ਖੇਡਾਂ ਜੀਵਨ ਦਾ ਅੰਗ

ਮਾਸਟਰ ਮਨਜੀਤ ਸਿੰਘ ਦਿਉਲ (ਡਾਂਗੋ)

ਖੇਡਾਂ ਬੱਚੇ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ। ਬੱਚਾ ਜਦੋਂ ਪੰਜ-ਛੇ ਮਹੀਨੇ ਦਾ ਹੋ ਜਾਂਦਾ ਹੈ ਤਾਂ ਉਸ ਦੀਆਂ ਬਾਹਾਂ ਦੇ ਐਕਸ਼ਨ, ਸਰੀਰ ਨੂੰ ਹਿਲਾਉਣਾ ਅਤੇ ਲੱਤਾਂ ਹਿਲਾਉਣੀਆਂ ਆਦਿ ਬਚਪਨ ਦੀਆਂ ਗਤੀਵਿਧੀਆਂ ਮੰਨੀਆਂ ਜਾਂਦੀਆਂ ਹਨ। ਪੰਗੂੜੇ ਵਿਚ ਪਿਆ ਬੱਚਾ ਕਈ ਤਰ੍ਹਾਂ ਦੀਆਂ ਖੇਡਾਂ ਨੂੰ ਪਸੰਦ ਕਰਦਾ ਹੈ। ਸੋ ਖੇਡਾਂ ਦੀ ਮਹਾਨਤਾ ਨੂੰ ਸੰਖੇਪ ਜਿਸੇ ਸ਼ਬਦਾਂ ਵਿੱਚ ਵਰਨਣ ਕੀਤਾ ਜਾ ਰਿਹਾ ਹੈ। ਪੰਜਾਬ-ਭਾਰਤ ਵਿੱਚ ਆਦਿ ਕਾਲ ਤੋਂ ਲੈ ਕੇ ਅੱਜ ਤੱਕ ਖੇਡਾਂ ਨੇ ਕਈ ਤਰ੍ਹਾਂ ਦੇ ਰੂਪ ਬਦਲੇ ਹਨ। ਆਦਿ ਕਾਲ ਵਿੱਚ ਜਾਨਵਰਾਂ ਦੀਆਂ ਖੇਡਾਂ ਪਰਚੱਲਤ ਸਨ। ਸਾਇੰਸ ਦੀ ਤਰੱਕੀ ਤੇ ਸਮੇਂ ਦੀ ਵਿੱਦਿਆ ਦੇ ਨਾਲ ਖੇਡਾਂ ਨੇ ਆਧੁਨਿਕ ਢੰਗਾਂ ਨੂੰ ਗ੍ਰਹਿਣ ਕਰ ਲਿਆ। ਖੇਡਾਂ ਦੇ ਬਹੁਤ ਸਾਰੇ ਪੱਖ ਹਨ। ਇਹ ਵੱਖੋ ਵੱਖਰੇ ਖੇਤਰਾਂ ਵਿੱਚ ਵੱਖ-ਵੱਖ ਢੰਗ ਨਾਲ ਖੇਡੀਆਂ ਜਾਂਦੀਆਂ ਹਨ। ਪੁਰਾਤਨ ਸਮਿਆਂ ਵਿੱਚ ਰਾਜੇ-ਮਹਾਰਾਜੇ ਹਾਥੀਆਂ ਦੀਆਂ ਦੌੜਾਂ, ਸਾਨ੍ਹਾਂ ਦੇ ਭੇੜ ਆਦਿ ਅਨੇਕਾਂ ਕਿਸਮ ਦੀਆਂ ਖੇਡਾਂ ਕਰਵਾਉਂਦੇ ਸਨ ਅਤੇ ਜੇਤੂਆਂ ਨੂੰ ਢੰਗੇ ਇਨਾਮ ਦਿੱਤੇ ਜਾਂਦੇ ਸੀ। ਹੌਲੀ-ਹੌਲੀ ਸਮੇਂ ਦੇ ਬਦਲਾਅ ਨਾਲ ਖੇਡਾਂ ਨੇ ਵੀ ਆਪਣਾ ਰੂਪ ਬਦਲ ਲਿਆ। ਇਹ ਬਦਲਿਆ ਰੂਪ ਹੌਲੀ-ਹੌਲੀ ਪੰਜਾਬ-ਭਾਰਤ ਦੇ ਪਿੰਡਾਂ ਵਿੱਚ ਖੇਡਾਂ ਦੀ ਹਰਮਨ ਪਿਆਰਤਾ ਵੱਲ ਵੀ ਸ਼ੁਰੂ ਹੋ ਗਈ। ਗੁਰੂ ਸਾਹਿਬਾਨ ਜੀ ਸਮੇਂ ਗੱਤਕੇ, ਨੇਜ਼ੇਬਾਜ਼ੀ-ਘੋੜ ਸਵਾਰੀ-ਪਹਿਲਵਾਨਾਂ ਦੀਆਂ ਕੁਸ਼ਤੀਆਂ ਦੇ ਪ੍ਰਤੱਖ-ਪ੍ਰਮਾਣ ਮਿਲਦੇ ਹਨ। ਗੁਰੂ ਸਾਹਿਬਾਨਾਂ ਨੇ ਖੇਡਾਂ ਨੂੰ ਬਹੁਤ ਮਹਾਨਤਾ ਦਿੱਤੀ। ਇਹ ਸਿੱਖ ਧਰਮ ਦੇ ਵਿਰਸੇ ਦਾ ਅੱਜ ਵੀ ਬਹੁਤ ਵੱਡਾ ਹਿੱਸਾ ਹਨ। ਵਿਸਾਖੀ-ਹੋਲੇ-ਮਹੱਲੇ ਦੇ ਪਵਿੱਤਰ ਮੌਕਿਆਂ ਉਤੇ ਅੱਜ ਵੀ ਖੇਡਾਂ



ਕਰਵਾਈਆਂ ਜਾਂਦੀਆਂ ਹਨ। ਅੰਗਰੇਜ਼ਾਂ ਦਾ ਰਾਜ ਆਉਣ ਨਾਲ ਵਿਦੇਸ਼ੀ ਖੇਡਾਂ ਨੇ ਵੀ ਭਾਰਤ-ਪੰਜਾਬ ਵਿੱਚ ਆਪਣੀਆਂ ਜੜ੍ਹਾਂ ਲਾਉਣੀਆਂ ਸ਼ੁਰੂ ਕੀਤੀਆਂ। ਹਾਕੀ, ਫੁੱਟਬਾਲ, ਬਾਸਕਿਟਬਾਲ, ਕ੍ਰਿਕਟ ਆਦਿ ਵਿਦੇਸ਼ੀ ਖੇਡਾਂ ਅੱਜ ਵੀ ਹਰਮਨ ਪਿਆਰੀਆਂ ਹਨ। ਕਬੱਡੀ ਭਾਰਤ ਦੀ ਧਰਤੀ ਤੋਂ ਉਪਜੀ ਖੇਡ ਹੈ। ਜਿਸ ਨੂੰ ਪਹਿਲਾਂ ਕਾਫੀ ਸਮਾਂ ਅਣਗੌਲੀ ਹੀ ਗਿਣਿਆ ਗਿਆ ਪਰ ਅੱਜਕਲ੍ਹ ਇਹ ਖੇਡਾਂ ਪੰਜਾਬ ਦੇ ਪੇਂਡੂ ਟੂਰਨਾਮੈਂਟ ਦਾ ਸ਼ਿੰਗਾਰ ਬਣੀ ਹੋਈ ਹੈ। ਇਸ ਖੇਡ ਨੇ ਵਿਦੇਸ਼ਾਂ ਵਿੱਚ ਆਪਣੀਆਂ ਜੜ੍ਹਾਂ ਕਾਇਮ ਕਰ ਲਈਆਂ ਹਨ। ਇਸ ਤੋਂ ਬਿਨਾਂ ਵਿਦੇਸ਼ਾਂ ਵਿੱਚ ਅੱਜਕਲ੍ਹ ਹਾਕੀ-ਸਾਕਰ ਤੇ ਬਾਸਕਿਟਬਾਲ ਨੂੰ ਵਧੇਰੇ ਮਹਾਨਤਾ ਦਿੱਤੀ ਜਾ ਰਹੀ ਹੈ। ਇਨ੍ਹਾਂ ਤੋਂ ਬਿਨਾਂ ਕੁਸਤੀਆਂ (ਰੈਸਲਿੰਗ) ਆਦਿ ਲਈ ਵੀ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ। ਇਸ ਖੇਡ ਵਿੱਚ ਵੀ ਬਹੁਤ ਖਿਡਾਰੀ ਤਗਮੇਂ ਲੈ ਕੇ ਆਪਣਾ ਨਾਮ ਰੌਸ਼ਨ ਕਰ ਰਹੇ ਹਨ। ਮੈਂ ਖੇਡਾਂ ਦੇ ਵਿਦੇਸ਼ੀ ਮੈਦਾਨਾਂ ਵਿੱਚ ਆਪਣੇ ਅੱਖੀਂ ਵੇਖਿਆ ਹੈ। ਇਸ ਵਿਚ ਅੱਜ ਪੰਜਾਬੀ ਕਮਿਊਨਟੀ ਦੇ 65% ਤੋਂ ਉਤੇ ਬੱਚੇ ਖੇਡ ਰਹੇ ਹਨ। ਇਨ੍ਹਾਂ ਦੇ ਮਾਪੇ ਇਸ ਲਈ ਸਭ ਕੁਝ ਲਈ ਵਧਾਈ ਦੇ ਪਾਤਰ ਹਨ। ਆਪਣੀ ਅਸਲੀ ਜਾਇਦਦਾਦ ਬੱਚੇ ਹਨ। ਇਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣਾ ਸਾਡਾ ਫਰਜ ਹੈ। ਇੱਥੇ ਇਹ ਵਰਨਣ ਕਰਨਾ ਬੇਅੰਤ ਜ਼ਰੂਰੀ ਹੈ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਉਦੋਂ ਬਣਦਾ ਹੈ ਜਦੋਂ ਇਸ ਨੂੰ ਚੰਗੇ ਪਾਸੇ ਨਹੀਂ ਲਾਇਆ ਜਾਂਦਾ। ਬੱਚੇ ਖੇਡਾਂ ਵਿੱਚ ਰੁਝੇ ਰਹਿਣਗੇ ਤਾਂ ਸਮੇਂ ਦੀ ਭੈੜੀ ਚਲ ਰਹੀ ਡਰੱਗਾਂ ਦੀ ਭਰਮਾਰ ਤੋਂ ਬਚੇ ਰਹਿਣਗੇ। ਇਸ ਕਰਕੇ ਵੱਧ ਤੋਂ ਵੱਧ ਬੱਚਿਆਂ ਨੂੰ ਖੇਡਾਂ ਜਾਂ ਹੋਰ ਸਭਿਆਚਾਰਾ ਸੰਸਥਾਵਾਂ ਵਿੱਚ ਪਾ ਕੇ ਸਮੇਂ ਦੀ ਸਹੀ ਵਰਤੋਂ ਕਰੋ। ਖੇਡਾਂ ਬੱਚਿਆਂ ਨੂੰ ਚੰਗੇ ਨਾਗਰਿਕ ਬਣਾਉਣ ਦੇ ਨਾਲ ਨਾਲ ਚੰਗੇ ਤੇ ਵਧੀਆ ਸਰੀਰ ਦੇ ਧਾਰਨੀ ਬਣਾਉਂਦੀਆਂ ਹਨ। ਇਹ ਬੱਚੇ ਨੂੰ ਦੇਸ਼ ਭਗਤੀ-ਆਪਸੀ ਮਿਲਵਰਤਣ, ਸ਼ਹਿਨਸ਼ੀਲਤਾ-ਬਰਾਬਰਤਾ ਸਤਿਕਾਰਮਈ ਅਤੇ ਹੋਰ ਅਨੇਕਾਂ ਗੁਣ ਬੱਚੇ ਅੰਦਰ ਪੈਦਾ ਕਰਦੀਆਂ ਹਨ। ਇਹ ਬੱਚੇ ਅੰਦਰ ਵਫਾਦਾਰੀ ਤੇ ਸਦਾਚਾਰੀ ਦੇ ਗੁਣ ਪੈਦਾ ਕਰਕੇ ਵਧੀਆ ਇਨਸ਼ਾਨੀਅਤ ਪੈਦਾ ਕਰਦੀਆਂ ਹਨ। ਅੱਜ ਸੰਸਾਰ ਦੇ ਵਿਕਸਤ ਦੇਸ਼ਾਂ ਨੂੰ ਵਿਕਸ਼ਤ ਕਰਨ ਵਿੱਚ ਖੇਡਾਂ ਦਾ ਖਾਸ ਯੋਗਦਾਨ ਹੈ। ਇੱਥੇ ਇਹ ਵਰਨਣ ਕਰਨਾ ਜ਼ਰੂਰੀ ਬਣਦਾ ਹੈ ਕਿ ਵਿਦੇਸ਼ੀ ਖਿਡਾਰੀਆਂ ਨੇ ਵੀ ਸੰਸਾਰ ਪੱਧਰ ਉਤੇ ਆਪਣੀ ਪ੍ਰਸਿੱਧੀ ਕਾਇਮ ਕੀਤੀ ਹੈ। ਇਸ ਕੁਲ ਪ੍ਰਾਪਤੀ ਲਈ ਕੋਚ ਖਿਡਾਰੀ ਅਤੇ ਮਾਪੇ ਵਧਾਈ ਦੇ ਪਾਤਰ ਪਰਵਾਨ ਕੀਤੇ ਜਾ ਸਕਦੇ ਹਨ। ਅੱਜ ਇਸ ਤਰ੍ਹਾਂ ਭਾਰਤ-ਪੰਜਾਬ ਦੇ ਸਕੂਲਾਂ-ਕਾਲਜਾਂ ਵਿੱਚ ਖੇਡਾਂ ਨੂੰ ਮਹਾਨਤਾ ਦਿੱਤੀ ਜਾ ਰਹੀ ਹੈ ਉਸੇ ਤਰ੍ਹਾਂ ਵਿਦੇਸ਼ਾਂ ਵਿੱਚ ਖੇਡਾਂ ਨੂੰ ਉਚ ਦਰਜ਼ੇ ਤੱਕ ਲਿਜਾਇਆ ਜਾ ਰਿਹਾ ਹੈ। ਖਿਡਾਰੀਆਂ ਨੂੰ ਵਧੀਆ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਸੋ ਆਉ ਆਪਾਂ ਸਾਰੇ ਹੰਭਲਾ ਮਾਰਕੇ ਖੇਡਾਂ ਦੀ ਤਰੱਕੀ ਵਿੱਚ ਵੱਧ ਤੋਂ ਵੱਧ ਹਿੱਸਾ ਪਾ ਕੇ ਆਪੋ-ਆਪਣੇ ਦੇਸ਼ਾਂ ਦਾ ਨਾਮ ਉਚਾ ਕਰੀਏ।

NICE CONSTRUCTION LTD.

- All kinds of Renovations • Poly • Styrofoam
- Compacting • Siding • Soffits
- Basement Finishing • Tiles & Granite • Roofing

- ਸਾਰੀਆਂ ਕਿਸਮਾਂ ਦੀਆਂ ਰੈਨੋਵੇਸ਼ਨਜ • ਪੋਲੀ
- ਸਟਾਈਰੋਫੋਮ • ਕੰਪੈਕਟਿੰਗ • ਸਾਈਡਿੰਗ • ਸੋਫਿਟਸ
- ਬੇਸਮੈਂਟ ਫਿਨਿਸ਼ਿੰਗ • ਟਾਈਲਜ਼ ਐਂਡ ਗਰੇਨਾਈਟ। • ਰੂਫਿੰਗ

For Quality Work & FREE Estimates Call:
ਕੁਆਲਟੀ ਵਰਕ ਅਤੇ ਮੁੱਫਤ ਇਸਟੀਮੇਟ ਵਾਸਤੇ

Mandeep S. Gill

ਨਾਈਸ ਕੰਸਟਰੱਕਸ਼ਨ ਲਿਮਟਿਡ

Cell: 778-322-4304 Ph: 604-826-7843

JOT BOUTIQUE
ਜੋਤ ਬੁਟੀਕ

ਨਵੀਂ ਸ਼ਿਪਮੈਂਟ ਵਿੱਚ ਬਹੁਤ ਹੀ ਵਧੀਆ - ਸੂਟ ਸਾੜੀਆਂ ਪਹੁੰਚ ਚੁੱਕੀਆਂ ਹਨ।

ਆਪਣੀ ਮਨਪਸੰਦ ਦੇ ਲੇਡੀਜ਼ ਸੂਟ, ਸਾੜੀਆਂ, ਲਹਿੰਗੇ ਬਣੇ ਬਣਾਏ ਲੈਣ ਲਈ ਜਾਂ ਆਪਣੀ ਪਸੰਦ ਦੇ ਡੀਜ਼ਾਈਨ ਸਸਤੇ ਭਾਅ ਤੇ ਇੰਡੀਆ ਤੋਂ ਮੰਗਵਾਉਣ ਲਈ ਸੰਪਰਕ ਕਰੋ।

Get ladies suites, saris or ready made lehngas of your choice.
If you are interested in importing clothes of your choice from India at a cheaper price contact us!
Up to 50% OFF selected suits
Bridal Lehngas, Bridal Sarees and Prom Dresses

ਆਓ ਵੇਖੋ, ਖਰੀਦੋ ਤੇ ਬੱਚਤ ਕਰੋ।

JOT BOUTIQUE ਜੋਤ ਬੁਟੀਕ
ਸੁੱਖੀ ਗਿੱਲ 604 746 3456 ਸੈਲ 604 825-0781
#28 31940 South Fraser Way, Abbotsford
Meadowfair Mall - Beside J's Pizza

Prime Minister Stephen Harper and Dr. Manmohan Singh, Prime Minister of India, made statements following the Commonwealth Heads of Government Meeting



Prime Minister Stephen Harper and Dr. Manmohan Singh, Prime Minister of India, announce the signing of a Nuclear Cooperation Agreement at the 2009 Commonwealth Heads of Government Meeting. Photo by Deb Ransom

Prime Minister Harper:

"Thank you for coming everybody. When I was in India, Prime Minister Singh and I discussed a number of items, including a nuclear cooperation agreement that Canada and India had been negotiating, that was very close to completion. Prime Minister Singh and I agreed that it should be brought to a conclusion very rapidly.

"Our officials have met, and thanks to Prime Minister Singh's leadership, we have now got the agreement between the countries. This is a tremendous development, just a tremendous opportunity for both countries. Canada is a supplier obviously, an integrated supplier in the nuclear energy field. India has an expanding economy with great energy needs.

"We will be taking a little bit of time to complete the normal legal text and ratification processes, but this is a tremendous economic step forward and a tremendous step forward in our relations.

"So I thank you very much, Prime Minister Singh."

Prime Minister Singh:

"Prime Minister Stephen Harper has just now completed a most successful visit to our country.

"During our interactions, we discussed ways and means of expanding the content of our relationship to widen it and to deepen it every possible way. And among the things that had been hanging for some time was the desire of both our countries to negotiate an international civil nuclear power agreement. India's needs for nuclear energy are enormous, just as we need a lot more energy to make a success of our developing presence.

"And Prime Minister Harper has proved to be absolutely true to his word. He told me that he would have this matter looked into. [That this] exercise has been completed in a short period of eight to ten days is a tribute to Prime Minister Harper's great leadership and the way the civil service functions in Canada.

"It speaks extremely well of the development of our relations. India and Canada have been partners in development. Ever since India became independent, we have had a large community of Indian origin in Canada, so we have all these bonds of friendship, which Prime Minister Stephen Harper and I are committed to further develop in every possible way.

"So the negotiation of this agreement, this civil nuclear cooperation agreement is a very important step forward, a milestone for the development of our relations and I thank Prime Minister from the core of my heart for having expedited this process beyond my expectations."

Prime Minister Stephen Harper speaks to the crew of the HMCS Ville de Québec. *The Canadian frigate provided security at the Commonwealth Heads of Government Meeting. Photo by Deb Ransom*

Prime Minister Stephen Harper meets with the leaders of the Caribbean Community (CARICOM) at the Commonwealth Heads of Government Meeting. Photo by Deb Ransom

Prime Minister Stephen Harper has a private audience with Her Majesty the Queen of Canada. Photo by Sean Kilpatrick

ਸ੍ਰੀ ਗੁਰੂ ਨਾਨਕ ਟਰੈਵਲ

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣਾ ਹੋਵੇ ਤਾਂ ਭਰੋਸੇਯੋਗ ਤੇ ਤਸੱਲੀਬਖਸ਼ ਸੇਵਾਵਾਂ ਅਤੇ ਸਸਤੀਆਂ ਟਿਕਟਾਂ ਲੈਣ ਲਈ ਹਮੇਸ਼ਾ ਯਾਦ ਰੱਖੋ

CATHAY PACIFIC · CHINA AIRLINES · JAL · SINGAPORE AIRLINES

ਦਲਜੀਤ ਕੌਰ

ਇੱਥੋਂ ਸਾਰੀਆਂ ਹੀ ਏਅਰਲਾਈਨਾਂ ਦੀਆਂ ਟਿਕਟਾਂ ਲੈ ਸਕਦੇ ਹੋ।

Vancouver to Toronto - $165 + Tax

Bellingham to San Francisco - $68 + Tax

Vancouver to Delhi - $1260

ਹੋਰ ਜਾਣਕਾਰੀ ਲਈ ਦਲਜੀਤ ਕੌਰ, ਪ੍ਰਭਜੋਤ ਕੌਰ ਜਾਂ ਸੰਦੀਪ ਕੌਰ ਨੂੰ ਫੋਨ ਕਰੋ

Last Minute Tickets at Cheap Prices!

Sri Guru Nanak Travel Inc.

604-756-3700

Emerg. Cell: 604-309-4055

FAX: 604-854-3182

#103 - 2359 Clearbrook Road Abbotsford BC

ਜੈਸ ਕੁਲਾਰ & ਐਸੋਸੀਏਟਸ

Jas Kular & Associates

JKA

- Personal income taxes
- Corporate taxes
- Business consulting
- Bookkeeping
- Payroll, GST, PST, WCB
- All other business needs

- ਪਰਸਨਲ ਇਨਕਮ ਟੈਕਸ
- ਕੌਰਪੋਰੇਟ (ਕੰਪਨੀ ਦਾ) ਟੈਕਸ
- ਬਿਜਨਿਸ ਸਬੰਧੀ ਸਲਾਹ ਮਸ਼ਵਰਾ
- ਬੁੱਕਕੀਪਿੰਗ
- ਪੇਰੋਲ, ਜੀ. ਐਸ.ਟੀ., ਪੀ. ਐਸ. ਟੀ., ਡਬਲਿਊ.ਸੀ. ਬੀ.,ਸਬੰਧੀ
- ਬਿਜਨਿਸ ਸਬੰਧੀ ਹੋਰ ਜਰੂਰਤਾਂ

Get an Extra 25% OFF for Truckers and 20% OFF for other Small Businesses

Special Rates for Students and Seniors

CGA CERTIFIED GENERAL ACCOUNTANTS

9 Years Experience

9 ਸਾਲ ਦਾ ਤਜ਼ਰਬਾ

Jas Kular, CGA, MA

Telephone: (604) 755-0303

Facsimile:(604) 755-0307

Cellular: (604) 832-1679

Email: jascga@hotmail.com

3506 Summit Drive, Abbotsford, BC V2T 6S4

DR. M. S. DHAMI & STAFF

AT EAST WEST DENTAL GROUP

WELCOMES DR. SHELLY KHOSLA AS AN ASSOCIATE

ਡਾਕਟਰ ਮਲਵਿੰਦਰ ਸਿੰਘ ਧਾਮੀ ਅਤੇ ਸਟਾਫ

ਈਸਟ ਵੈਸਟ ਡੈਂਟਲ ਗਰੁਪ ਵਿੱਚ ਸ਼ਾਮਲ ਹੋਣ ਲਈ

ਡਾਕਟਰ ਸ਼ੈਲੀ ਖੋਸਲਾ ਨੂੰ ਜੀ ਆਇਆਂ ਆਖਦੇ ਹਨ

ਅਸੀਂ ਦੰਦਾ ਦਾ ਹਰ ਤਰ੍ਹਾਂ ਦਾ ਇਲਾਜ ਕਰਦੇ ਹਾਂ - ਮਿਲਣ ਲਈ 604 853 6011 ਤੇ ਫੋਨ ਕਰੋ

We provide all kinds of dental treatment - For an appointment please call 604 853 6011

EAST WEST DENTAL GROUP

25-32700 SOUTH FRASER WAY

NEAR LONDON DRUGS, WEST OAKS MALL ABBOTSFORD

ATWAL'S

Insurance & Financial Centre Inc.

ਅਟਵਾਲ ਇੰਸ਼ੋਰੈਂਸ ਅਤੇ ਫਾਇਨੈਂਸਲ ਸੈਂਟਰ

For All Your Insurance Needs

- Homeowners
- Tentants
- Cars & Trucks
- Condominium
- Visitor Medical
- Prorate
- Fleet Insurance
- Business
- Travel Insurance
- Cargo
- Life Insurance
- Children Scholarship

Home Insurance Quote in 5 Min

Atwal's Insurance & Financial Centre Inc. Welcomes

Joga Singh

to their team!

Autoplan 12

Fast, Efficient & Friendly Service

ਅਸੀਂ ਤੁਰੰਤ ਅਤੇ ਦੋਸਤਾਨਾ ਸੇਵਾਵਾਂ ਪ੍ਰਦਾਨ ਕਰਦੇ ਹਾਂ

ਆਪਣੀਆਂ ਹਰ ਤਰ੍ਹਾਂ ਦੀਆਂ ਇੰਸੋਰੈਂਸ ਸਬੰਧੀ ਲੋੜਾਂ (ਕਾਰ, ਘਰ, ਕਮਰਸ਼ੀਅਲ, ਲਾਈਫ ਇੰਸੋਰੈਂਸ ਆਦਿ) ਲਈ ਅਟਵਾਲ ਇੰਸੋਰੈਂਸ ਤੇ ਆਵੋ।

Joga Singh Chahal

Cell: 604-418-1603

Abbotsford Manager

Abbotsford Location

#109 2653 Trethewey St., Abbotsford, BC V2T 0B5

Next to New Shopper Drug Mart

604-859-5888

Open 7 Days a Week!

MON - FRI: 9am - 9pm

SAT: 9am - 6pm SUN: 10am - 5pm

Fax: 604-859-5553

For Better Results

Advertise In The

Punjabi Patrika

CALL 852-2288 NOW!!

Christmas time is here Again

Christmas is once again just around the corner and the Abbotsford Fire Rescue Service will be providing weekly Seasonal Safety Tips during the month of December.

Starting December 1st the Christmas Wreath will be up at Fire Hall #1 (32270 George Ferguson Way). This year the wreath will start with 31 green lights representing the 31 days in December. The goal this year is to "Keep the Wreath Green" for the entire month. If a "Green" light is replaced with a "Red" light it will be because a preventable residential fire has occurred.

There will also be a sign board located at Hall #1 that will list the number of "Residential Fires", the number of "Other Calls" and the "Total Number of Incidents". This sign board will be updated every morning during December.

Each Tuesday during December the Abbotsford Fire Rescue Service will issue "Holiday Safety Tips" to help remind the residents of Abbotsford about some of the more common hazards that can occur during the holiday season. These will be provided through Press Releases and on the City of Abbotsford Web Site; www.abbotsford.ca/fire.The first week's topic will be Trees, Lights and Extension cords and how to ensure that they are all used safely.

ਸੇਹਤ ਸੰਭਾਲ

ਸ਼ੂਗਰ ਰੋਗ ਦੀਆਂ ਦੋ ਕਿਸਮਾਂ

ਬਗੈਰ ਇੰਸੁਲਿਨ ਤੇ ਨਿਰਭਰ (85%) ਇੰਸੁਲਿਨ ਤੇ ਨਿਰਭਰ (10%)

ਇੰਸੁਲਿਨ ਸਾਡੇ ਸਰੀਰ ਦੀ ਗ੍ਰੰਥੀ 'ਪੈਨਕਰੀਆਜ' ਵਿੱਚੋਂ ਪੈਦਾ ਹੁੰਦਾ ਹੈ। ਇਸ ਗ੍ਰੰਥੀ ਵਿੱਚ ਵੀ 'ਆਈਲੈਟ ਆਫ ਲੈਂਗਰਹੈਂਸ ਨਾਂ ਦੀਆਂ ਕੋਸ਼ਿਕਾਵਾਂ ਇਹ ਹਾਰਮੋਨ ਪੈਦਾ ਕਰਦੀਆਂ ਹਨ। ਇਹ ਇੱਕ ਸਵੈ-ਨਿਅੰਤਰਿਤ ਤਰੀਕੇ ਨਾਲ ਖੂਨ ਵਿੱਚ ਇੰਸੁਲਿਨ ਭੇਜਦਾ ਹੈ, ਜਿਸ ਨਾਲ ਖੂਨ ਵਿੱਚ ਗ੍ਲੂਕੋਸ ਦੀ ਮਾਤਰਾ ਦਾ ਘਟ ਜਾਣਾ ਵੀ ਖਤਰਨਾਕ ਹੁੰਦਾ ਹੈ, ਜਿਸ ਨੂੰ ਹਾਇਪੋਗਲੀਸੇਮਿਆ ਕਹਿੰਦੇ ਹਨ।

ਖੂਨ ਵਿੱਚ ਸ਼ੂਗਰ ਵਧਣ ਦਾ ਕਾਰਨ ਹੁੰਦਾ ਹੈ :-

ਇੰਸੁਲਿਨ ਘੱਟ ਪੈਦਾ ਹੋਣ ਦੀ ਸਥਿਤੀ ਉਦੋਂ ਸਾਹਮਣੇ ਆਉਂਦੀ ਹੈ:

ਜਦੋਂ ਇੰਸੁਲਿਨ ਪੈਦਾ ਕਰਨ ਵਾਲੀਆਂ ਕੋਸ਼ਿਕਾਵਾਂ (ਆਈਸਲੈਂਟ ਆਫ ਲੈਂਗਰਹੈਂਸ) ਨੂੰ ਜਵਾਨੀ ਵੇਲੇ ਜ਼ਿਆਦਾ ਕੰਮ ਕਰਨਾ ਪਵੇ ਤੇ ਉਹ ਹੰਭ ਜਾਣ ਮਗਰੋਂ ਜ਼ਰੂਰਤ ਮੁਤਾਬਿਕ ਇੰਸੁਲਿਨ ਪੈਦਾ ਨਾ ਕਰ ਸਕਣ। ਇੱਕ ਤੇ ਇਹ ਉਮਰ ਦਾ ਤਕਾਜ਼ਾ ਹੋ ਸਕਦਾ ਹੈ ਤੇ ਦੂਸਰਾ ਜ਼ਿਆਦਾ ਪੇਟੂ ਲੋਕਾਂ-ਖਾਸ ਕਰ ਮਿੱਠੀਆਂ ਅਤੇ ਚਰਬੀ ਭਰਪੂਰ ਚੀਜ਼ਾਂ ਖਾਣ ਵਾਲੇ ਜਿਵੇਂ ਆਈਸਕਰੀਮ,ਮੱਖਣ, ਸੋਡਾ, ਚਟਨੀਆਂ, ਜੈਮ, ਨੂਡਲਜ਼ ਆਦਿ।

ਜਾਂ ਕਿਸੇ ਕਾਰਨ, ਜਿਵੇਂ ਕਿ ਮੋਟੇ ਲੋਕਾਂ ਵਿੱਚ, ਇੰਸੁਲਿਨ ਦੀ ਲੋੜ ਵਧ ਜਾਵੇ ਤੇ ਕੋਸ਼ਿਕਾਵਾਂ ਵੱਧ ਇੰਸੁਲਿਨ ਪੈਦਾ ਕਰਨ ਦੇ ਸਮਰੱਥ ਨਾ ਹੋਣ।

ਇਸ ਤੋਂ ਇਲਾਵਾ, ਸਰੀਰਕ ਹਰਕਤ ਨਾ ਕਰਨ ਵਾਲੇ ਤੇ ਸੈਰ ਤੋਂ ਕਿਨਾਰਾ ਕਰਨ ਵਾਲੇ ਲੋਕਾਂ ਵਿੱਚ ਉਹ ਸਥਿਤੀ ਪੈਦਾ ਹੋ ਜਾਂਦੀ ਹੈ ਕਿ ਪਾਸਪੋਸ਼ੀਆਂ (ਪੱਠਿਆਂ) ਵਿੱਚ ਇੰਸੁਲਿਨ ਦੇ ਰਿਸੇਪਟਰ ਜਾਂ ਤਾਂ ਸੌਂ ਜਾਂਦੇ ਹਨ ਜਾਂ ਆਲਸੀ ਹੋ ਜਾਂਦੇ ਹਨ।

ਇੰਸੁਲਿਨ ਬਿਲਕੁਲ ਹੀ ਪੈਦਾ ਨਾ ਹੋਵੇ, ਇਹ ਉਦੋਂ ਹੀ ਹੁੰਦਾ ਹੈ ਜਦੋਂ ਆਈਸਲੈਟ ਆਫ ਲੈਂਗਰਹੈਂਸ ਕਿਸੇ ਵਿਸਾਣੂ ਦੇ ਹਮਲੇ ਨਾਲ ਜਾਂ ਵਾਤਾਵਰਣ ਵਿੱਚ ਜ਼ਹਿਰੀਲੇ ਰਸਾਇਣਕ ਤੱਤ ਦੇ ਪ੍ਰਵੇਸ਼ ਰਾਹੀਂ ਮਰ-ਮੁੱਕ ਜਾਂਦੇ ਹਨ। ਇਸ ਤੋਂ ਇਲਾਵਾ ਕਿਸੇ ਐਕਸੀਡੈਂਟ ਜਾਂ ਹੋਰ ਕਾਰਨ ਕਰਕੇ ਪੈਨਕਰੀਆਜ ਨੂੰ ਸਰੀਰ ਵਿੱਚੋਂ ਕੱਢਣਾ ਹੀ ਪੈ ਜਾਵੇ।

ਇਹਨਾਂ ਦੋਹਾਂ ਪਹਿਲੂਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ, ਦੋ ਤਰ੍ਹਾਂ ਦੇ ਸ਼ੂਗਰ ਰੋਗਾਂ ਬਾਰੇ ਗੱਲ ਕਰਾਂਗੇ।

ਇੰਸੁਲਿਨ ਤੋਂ ਬਿਨਾਂ ਕਾਬੂ ਰਹਿਣ ਵਾਲੇ

ਇੰਸੁਲਿਨ ਤੇ ਨਿਰਭਰ

ਇੰਸੁਲਿਨ ਤੋਂ ਬਿਨਾਂ ਕਾਬੂ ਰਹਿਣ ਵਾਲੇ: 85%

ਇਸ ਗਰੁੱਪ ਦੇ ਮਰੀਜ਼ 40 ਸਾਲ ਤੋਂ ਵੱਧ ਉਮਰ ਦੇ ਹੁੰਦੇ ਹਨ।

ਉਹ ਜ਼ਿਆਦਾਤਰ ਮੋਟੇ ਹੁੰਦੇ ਹਨ।

ਕੋਈ ਵੀ ਹਰਕਤ ਵਾਲਾ ਕੰਮ ਨਹੀਂ ਕਰਦੇ।

ਸੈਰ ਜਾਂ ਕਿਸੇ ਕਿਸਮ ਦੀ ਕਸਰਤ ਦੀ ਆਦਤ ਨਹੀਂ ਹੁੰਦੀ।

ਇਹਨਾਂ ਵਿੱਚ ਇੰਸੁਲਿਨ ਪੈਦਾ ਤਾਂ ਹੋ ਰਹੀ ਹੁੰਦੀ ਹੈ, ਪਰ ਉਹ ਕਾਫੀ ਨਹੀਂ ਹੁੰਦੀ ਕਿ ਉਸ ਨਾਲ ਸਰੀਰ ਦੀ ਕ੍ਰਿਆ ਨੂੰ ਸਫਲਤਾ ਨਾਲ ਚਲਾਇਆ ਜਾ ਸਕੇ।

ਜ਼ਿਆਦਾਤਰ ਮਰੀਜ਼ਾਂ ਵਿੱਚ ਕੋਈ ਲੱਛਣ ਨਹੀਂ ਹੁੰਦਾ ਤੇ ਉਹ ਇੱਕ ਆਮ ਜ਼ਿੰਦਗੀ ਜਿਉਂਦੇ ਨਜ਼ਰ ਆਉਂਦੇ ਹਨ। ਪਰ ਖੂਨ ਵਿੱਚ ਹੌਲੀ ਹੌਲੀ ਗ੍ਲੂਕੋਸ ਦੀ ਮਾਤਰਾ ਵਧੀ ਜਾਣ ਨਾਲ, ਇਹ ਮਰੀਜ਼ ਕਿਸੇ ਪੇਚੀਦਗੀ ਨਾਲ ਹਸਪਤਾਲ ਆਉਂਦੇ ਹਨ ਤੇ ਫਿਰ ਖੂਨ-ਪੇਸ਼ਾਬ ਟੈਸਟ ਕਰਵਾਉਣ ਤੇ ਬਿਮਾਰੀ ਦਾ ਪਤਾ ਲਗਦਾ ਹੈ।

ਇੰਸੁਲਿਨ ਤੇ ਨਿਰਭਰ 10%

ਇਸ ਗਰੁੱਪ ਦੇ ਮਰੀਜ਼ ਜਵਾਨ ਉਮਰ ਦੇ ਹੁੰਦੇ ਹਨ।

ਭਾਰ ਇਕਦਮ ਘਟ ਜਾਂਦਾ ਹੈ ਤੇ ਮਰੀਜ਼ ਆਮ ਆਦਮੀ ਤੋਂ ਪਤਲਾ ਹੁੰਦਾ ਹੈ।

ਇਸ ਵਰਗ ਦੇ ਮਰੀਜ਼, ਜ਼ਿਆਦਾ ਪੇਸ਼ਾਬ, ਜ਼ਿਆਦਾ ਪਿਆਸ ਤੇ ਭੁੱਖ ਦੀ ਸ਼ਿਕਾਇਤ ਨਾਲ ਡਾਕਟਰ ਕੋਲ ਜਾਂਦੇ ਹਨ।

ਇਹਨਾਂ ਮਰੀਜ਼ਾਂ ਨੂੰ ਇੰਸੁਲਿਨ ਤੇ ਨਿਰਭਰ ਰਹਿਣਾ ਪੈਂਦਾ ਹੈ।

ਇਹ ਕਿਸਮ ਪਹਿਲੀ ਨਾਲੋਂ ਜ਼ਿਆਦਾ ਖਤਰਨਾਕ ਹੁੰਦੀ ਹੈ।

ਸ਼ੂਗਰ ਰੋਗ ਦੇ ਕਾਰਨ

ਸ਼ੂਗਰ ਰੋਗ ਦਾ ਜ਼ਿਕਰ ਚਾਹੇ ਹਜ਼ਾਰਾਂ ਸਾਲਾਂ ਤੋਂ ਦੁਨੀਆਂ ਭਰ ਦੀਆਂ ਸਿਹਤ ਸਬੰਧੀ ਕਿਤਾਬਾਂ ਵਿੱਚ ਮਿਲਦਾ ਹੈ, ਪਰ ਇਹ ਕਿਉਂ ਹੁੰਦਾ ਹੈ ਇਸ ਬਾਰੇ ਕਿਸੇ ਇੱਕ ਕਾਰਨ ਤੇ ਉਂਗਲ ਨਹੀਂ ਧਰੀ ਜਾ ਸਕਦੀ। ਇਹ ਰੋਗ ਪੀੜ੍ਹੀ ਦਰ ਪੀੜ੍ਹੀ ਮਾਪਿਆਂ ਤੋਂ ਬੱਚਿਆਂ ਵਿੱਚ ਹੋਣ ਵਾਲੇ ਰੋਗ ਦੇ ਤੌਰ ਤੇ ਜਾਣਿਆ ਜਾਂਦਾ ਹੈ ਤੇ ਨਾਲ ਹੀ ਇਹ ਰੋਗ ਚੰਗੀ ਖੁਰਾਕ ਖਾਣ ਵਾਲੇ, ਅਮੀਰ ਲੋਕਾਂ ਵਿੱਚ ਹੋਣ ਵਾਲੇ ਰੋਗ ਦੇ ਤੌਰ ਤੇ ਵੀ ਮਸ਼ਹੂਰ ਹੈ। ਇਹ ਗੱਲਾਂ ਆਮ ਲੋਕਾਂ ਦੀ ਜਾਣਕਾਰੀ ਦਾ ਹਿੱਸਾ ਹਨ।

ਸ਼ੂਗਰ ਰੋਗ ਵਾਲੇ ਮਾਪੇ

ਇਹ ਗੱਲ ਵੱਖਰੀ ਹੈ ਕਿ ਦੁਨੀਆਂ ਵਿੱਚ ਕਿਸੇ ਪਹਿਲੇ ਇਨਸਾਨ ਨੂੰ ਸ਼ੂਗਰ ਰੋਗ ਬਿਨਾਂ ਇਸ ਸਿਧਾਂਤ ਦੇ ਹੋਇਆ ਹੋਵੇਗਾ, ਪਰ ਇਹ ਗੱਲ ਹੁਣ ਸਪਸ਼ਟ ਹੈ ਕਿ ਜੇਕਰ ਇਹ ਰੋਗ ਪਰਿਵਾਰ ਵਿੱਚ ਹੋਵੇ ਤਾਂ ਬੱਚਿਆਂ ਵਿੱਚ ਇਸ ਰੋਗ ਦੇ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਹ ਰੋਗ ਜੀਨਜ਼ ਰਾਹੀਂ ਬੱਚਿਆਂ ਵਿੱਚ ਅੰਗੇ ਤੁਰਦਾ ਹੈ।

ਇਹ ਗੱਲ ਇੰਸੁਲਿਨ ਤੇ ਨਿਰਭਰ ਮਰੀਜ਼ਾਂ ਲਈ ਘੱਟ ਤੇ ਦੂਸਰੀ ਕਿਸਮ ਦੇ ਮਰੀਜ਼ਾਂ ਲਈ ਵੱਧ ਢੁੱਕਦੀ ਹੈ।

ਉਮਰ: ਇਹ ਰੋਗ ਵਡੇਰੀ ਉਮਰ ਨਾਲ ਸਬੰਧਿਤ ਹੈ। ਇਹ ਰੋਗ ਤਕਰੀਬਨ 40 ਸਾਲ ਦੀ ਉਮਰ ਮਗਰੋਂ ਸ਼ੁਰੂ ਹੁੰਦਾ ਹੈ ਤੇ ਉਮਰ ਵਧਣ ਨਾਲ ਇਸ ਦੀ ਦਰ ਵਧ ਜਾਂਦੀ ਹੈ।

ਮੋਟਾਪਾ: ਲੋੜੀਂਦੇ ਭਾਰ ਤੋਂ 20% ਵੱਧ ਹੋਣਾ ਹੀ ਮੋਟਾਪਾ ਹੈ। ਇਹ ਇੱਕ ਮਹੱਤਵਪੂਰਨ ਪਹਿਲੂ ਹੈ ਜੋ

PANCHMATIA CRIMP
BARRISTERS & SOLICITORS
Immigration Law, Family Law and Criminal Law

The law firm of **Panchmatia Crimp** is proud to welcome to the firm **Sumit Ahuja** and **Munnarsh K. Sidhu**.

Sumit and Munnarsh have recently completed their law degrees in Australia. They are working with the firm as paralegals until they are able to start their training as Articled Students. Upon completion of their training, both intend to join the firm. Sumit and Munnarsh both have experience in the area of **Immigration Law.**

ਸੁਮੀਤ ਅਹੂਜਾ
SUMIT AHUJA
B.A., Juris Doctor (Law)

ਮੁਨਾਰਸ਼ ਕੌਰ ਸਿੱਧੂ
MUNNARSH K. SIDHU
B.A., Juris Doctor (Law)

Immigration Law:
Overseas Sponsorship
(Marriage & Family Class)
In-Canada Sponsorship
Marriage Refusals
Canadian Citizenship
Work Permit
Student Visas
Visitor Visa

Family Law:
Property Settlements
Divorce
Child Custody
Spousal and Child Support

Criminal Law:
Impaired Driving
Spousal Assault
Sexual Assault

ਵਿਭਾ ਪੰਚਾਤਿਆ
Viba Panchmatia
B.A., L.L.B.

ਮਾਰਜਰੀ ਕ੍ਰਿੰਪ
Margery Crimp
B.A., L.L.B., M.P.A.

ਐਲਿਸਨ
Allison
Legal Secretary

Telephone: (604) 853 - 8199
Fax: (604) 853 - 3233 Website: www.panchmatiacrimp.com
#202-32310 South Fraser Way, Abbotsford, B.C. V2T 1X1
ਸੇਵਾਵਾਂ ਇੰਗਲਿਸ਼, ਹਿੰਦੀ ਅਤੇ ਪੰਜਾਬੀ ਵਿਚ ਉਪਲਬਧ ਹਨ। Services are available in English, Hindi and Punjabi.

ACURA
LIGHTING & PLUMBING
ਹਰ ਤਰ੍ਹਾਂ ਦੇ ਪਲੰਬਿੰਗ-ਲਾਈਟਿੰਗ ਦਾ ਸਮਾਨ
ਨਵੇਂ ਜਾਂ ਪੁਰਾਣੇ ਘਰਾਂ ਦੀ ਰੈਨੋਵੇਸ਼ਨ (ਮੁਰੰਮਤ ਕਰਨੀ ਹੋਵੇ)
ਘਰਾਂ ਲਈ ਟੱਬ, ਜ਼ਕੂਜ਼ੀ, ਟੋਇਲਟ, ਸਿੰਕ, ਟੂਟੀਆਂ ਆਦਿ ਸਾਰਾ ਸਮਾਨ ਮਿਲਦਾ ਹੈ
ਪਾਣੀ ਅਤੇ ਬਿਜਲੀ ਦੇ ਖਰਚੇ ਘਟਾਉਣ ਲਈ
ਐਬਟਸਫੋਰਡ ਤੇ ਮਿਸ਼ਨ ਸਿਟੀ ਵੱਲੋਂ ਨਵੀਂ ਟੋਆਲਿਟ ਲਾਉਣ 'ਤੇ 50 ਡਾਲਰ ਲਵੋ।
ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਮਿਲੋ
Raghbir Sandhu 604-825-4928
Paul Bains 778-895-0078
Store: 604-853-7211 Fax: 604-853-3229
Email: acurlighting@yahoo.com
31764 South Fraser Way, Abbotsford BC V2T 1T9
ਵਧੀਆ ਸਮਾਨ ਅਤੇ ਵਾਜਿਬ ਕੀਮਤਾਂ ਦੀ ਗਾਰੰਟੀ

ਕਿ ਸ਼ੂਗਰ ਰੋਗ ਨਾਲ ਸਿੱਧੇ ਤੌਰ ਤੇ ਜੁੜਿਆ ਹੋਇਆ ਹੈ।

ਇਹ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਮੋਟਾਪੇ ਦੀ ਬੁਨਿਆਦ ਬਚਪਨ ਵਿੱਚ ਹੀ ਪੈ ਜਾਂਦੀ ਹੈ। ਜਿਆਦਾ ਮਿੱਠੀਆਂ ਚੀਜ਼ਾਂ ਜਿਵੇਂ ਗੋਲੀਆਂ, ਟਾਫੀਆਂ, ਚਾਕਲੇਟ ਆਦਿ ਖਾਣ ਨਾਲ ਸਰੀਰ ਵਿੱਚ ਚਰਬੀ ਜਮ੍ਹਾਂ ਕਰਨ ਵਾਲੀਆਂ ਕੋਸ਼ਿਕਾਵਾਂ ਵਿੱਚ ਵਾਧਾ ਹੋ ਜਾਂਦਾ ਹੈ।

ਸਰੀਰ ਨੂੰ ਹਰਕਤ ਵਿੱਚ ਨਾ ਲਿਆਉਣਾ: ਮੋਟਾਪਾ ਅਤੇ ਸਰੀਰਕ ਕੰਮ ਨਾ ਕਰਨਾ ਆਪਸ ਵਿੱਚ ਜੁੜੀਆਂ ਹੋਈਆਂ ਗੱਲਾਂ ਨੇ, ਪਰ ਫਿਰ ਵੀ ਜੇ ਲੋਕ ਦਫਤਰਾਂ ਵਿੱਚ ਪ੍ਰਬੰਧਕੀ ਅਤੇ ਯੋਜਨਾ ਦੇ ਕੰਮ ਵਿੱਚ ਰੁੱਝੇ ਹੁੰਦੇ ਹਨ, ਉਹਨਾਂ ਵਿੱਚ ਸ਼ੂਗਰ ਰੋਗ ਦੀ ਦਰ ਵੱਧ ਵੇਖਣ ਨੂੰ ਮਿਲਦੀ ਹੈ। ਗ੍ਲੂਕੋਸ ਨੂੰ ਮਾਸਪੇਸ਼ੀਆਂ ਵਿੱਚ ਜਜ਼ਬ ਹੋਣ ਲਈ ਸਰੀਰਕ ਤੌਰ ਤੇ ਹਰਕਤ ਵਿੱਚ ਲਿਆਉਣਾ ਬਹੁਤ ਜ਼ਰੂਰੀ ਹੈ।

ਖੁਰਾਕ: ਖੁਰਾਕ ਨੂੰ ਸਿੱਧੇ ਤੌਰ ਤੇ ਸ਼ੂਗਰ ਰੋਗ ਦਾ ਕਾਰਨ ਠਹਿਰਾਉਣਾ ਅਜੇ ਸਿਹਤ ਵਿਗਿਆਨੀਆਂ ਲਈ ਔਖਾ ਹੈ। ਕਿਉਂਕਿ ਜਿਆਦਾ ਮਿੱਠਾ ਖਾਣ ਵਾਲੇ ਵੀ ਇਸ ਰੋਗ ਦਾ ਸ਼ਿਕਾਰ ਨਹੀਂ ਹੁੰਦੇ ਤੇ ਮਿੱਠਾ ਪਸੰਦ ਨਾ ਕਰਨ ਵਾਲੇ ਵੀ ਇਸ ਦੀ ਗਿਰਫ਼ਤ ਵਿੱਚ ਆ ਜਾਂਦੇ ਹਨ। ਇੱਕ ਗੱਲ ਸਪਸ਼ਟ ਹੈ ਕਿ ਸੰਯੁਕਤ ਕਾਰਬੋਜ਼ ਜਿਵੇਂ ਕਣਕ, ਚਾਵਲ ਤੇ ਭਾਵੇਂ ਆਲੂ ਵੀ ਆਦਿ ਦੀ ਥਾਂ ਤੇ ਸਿੱਧੇ ਮਿੱਠੇ ਦਾ ਇਸਤੇਮਾਲ ਕਰਨਾ ਜਿਵੇਂ ਗੁੜ, ਚੀਨੀ ਜਾਂ ਮਠਿਆਈਆਂ, ਸੋਡੇ, ਜੈਮ, ਚਟਨੀਆਂ ਆਦਿ ਨਾਲ ਇਕਦਮ ਖੂਨ ਵਿੱਚ ਗ੍ਲੂਕੋਜ਼ ਦੀ ਮਾਤਰਾ ਵਧ ਜਾਂਦੀ ਹੈ ਤੇ ਪੈਨਕਰੀਆਜ਼ ਨੂੰ ਵਾਧੂ ਇੰਸੁਲਿਨ ਭੇਜਣੀ ਪੈਂਦੀ ਹੈ। ਇਸ ਤਰ੍ਹਾਂ ਵਾਰ ਵਾਰ ਕਰਨ ਨਾਲ ਪੈਨਕਰੀਆਜ਼ ਥੱਕ ਜਿਹਾ ਜਾਂਦਾ ਹੈ ਤੇ ਫਿਰ ਵਡੇਰੀ ਉਮਰ ਵਿੱਚ ਲੋੜੀਂਦੀ ਇੰਸੁਲਿਨ ਦੇਣ ਦੇ ਕਾਬਲ ਨਹੀਂ ਰਹਿੰਦਾ।

ਸਿਰਫ ਸਿੱਧਾ ਮਿੱਠਾ ਹੀ ਨਹੀਂ, ਉਸ ਦੇ ਨਾਲ ਚਰਬੀ (ਤੇਲ, ਘੀ, ਮੱਖਣ, ਕਰੀਮ ਆਦਿ) ਦੀ ਵੱਧ ਵਰਤੋਂ ਮੋਟਾਪੇ ਨੂੰ ਵਧਾਉਂਦੀ ਹੈ ਤੇ ਇਸ ਤਰ੍ਹਾਂ ਹੋਰ ਪਚੇਦਗੀਆਂ ਦਾ ਰਾਹ ਖੋਲਦੀ ਹੈ।

ਅੱਜ ਕੱਲ੍ਹ ਆਈਸ ਕਰੀਮ, ਪੇਸਟਰੀ, ਕਰੀਮ ਰੋਲ, ਟਾਫੀਆਂ, ਚਾਕਲੇਟ, ਬਰੈੱਡ, ਮੱਖਣ, ਜੈਮ, ਕੋਲ ਡਰਿੰਕਸ (ਸੋਢੇ) ਤੇ ਹੋਰ ਨਵੇਂ ਖਾਣੇ ਜਿਵੇਂ ਚਿਪਸ, ਭੁਜੀਆ, ਨੂਡਲਜ਼, ਆਦਿ ਦੀ ਵਰਤੋਂ ਕਾਫੀ ਹੋਣ ਲੱਗ ਪਈ ਹੈ।

ਇਸੇ ਤਰ੍ਹਾਂ ਬਦਾਮ, ਕਾਜੂ ਅਤੇ ਮੂੰਗਫਲੀ ਵਿੱਚ ਵੀ ਕਾਫੀ ਮਾਤਰਾ ਵਿੱਚ ਚਰਬੀ ਹੁੰਦੀ ਹੈ।

ਇਹ ਖੁਰਾਕ ਦੀਆਂ ਵਸਤਾਂ ਤੰਤੂ ਰਹਿਤ ਹੁੰਦੀਆਂ ਹਨ, ਜਿਸ ਕਰਕੇ ਖੂਨ ਵਿੱਚ ਚਰਬੀ ਹੁੰਦੀ ਹੈ ।

ਇਹਨਾਂ ਕਰਕੇ ਖੂਨ ਵਿੱਚ ਇੱਕੋ ਦਮ ਸ਼ੂਗਰ ਵਧਣ ਦੀ ਸੰਭਾਵਨਾ ਹੁੰਦੀ ਹੈ ਜਦੋਂ ਕਿ ਤੰਤੂ ਵਾਲੀਆਂ ਵਸਤੂਆਂ ਜਿਵੇਂ ਕਿ ਫਲ, ਹਰੀਆਂ ਸਬਜ਼ੀਆਂ, ਛਿਲਕੇ ਵਾਲੀਆਂ ਦਾਲਾਂ, ਪੂਰੀ ਕਣਕ ਦਾ ਆਟਾ, ਮੇਥੀ ਦੇ ਬੀਜ ਆਦਿ ਦੀ ਵਰਤੋਂ ਨਾਲ ਖੂਨ ਵਿੱਚ ਸ਼ੂਗਰ ਆਦਿ ਦੀ ਮਾਤਰਾ ਨਿਅੰਤ੍ਰਨ ਵਿੱਚ ਰਹਿੰਦੀ ਹੈ।

ਸ਼ਰਾਬ ਦੀ ਵਰਤੋਂ: ਸ਼ਰਾਬ ਦੀ ਵਰਤੋਂ ਦਾ ਵੀ ਭਾਵੇਂ ਸ਼ੂਗਰ ਰੋਗ ਨਾਲ ਕੋਈ ਸਿੱਧਾ ਰਿਸ਼ਤਾ ਨਹੀਂ ਹੈ, ਪਰ ਸ਼ਰਾਬ ਦੀ ਵੱਧ ਵਰਤੋਂ ਨਾਲ ਪੈਨਕਰੀਆਜ਼ ਦੀਆਂ ਕੋਸ਼ਿਕਾਵਾਂ ਮਰ-ਮੁੱਕ ਸਕਦੀਆਂ ਹਨ। ਇਸ ਤੋਂ ਇਲਾਵਾ ਸ਼ਰਾਬ ਦੀ ਰੋਜ਼ਾਨਾ ਵਰਤੋਂ ਨਾਲ ਕਈ ਜ਼ਰੂਰੀ ਤੱਤਾਂ ਦੀ ਘਾਟ ਹੋ ਜਾਂਦੀ ਹੈ, ਜੋ ਕਿ ਪਚੇਦਗੀਆਂ ਪੈਦਾ ਕਰ ਸਕਦੀ ਹੈ।

ਜਿਉਣ ਪੱਧਤੀ: ਵੈਸੇ ਤਾਂ ਉਪਰ ਬਿਆਨ ਕੀਤੀਆਂ ਲਗਭਗ ਸਾਰੀਆਂ ਸਥਿਤੀਆਂ ਨੂੰ ਮਿਲਾ ਦੇਈਏ ਤਾਂ ਇੱਕ ਵੱਖਰੀ ਜਿਉਣ ਪੱਧਤੀ ਸਪਸ਼ਟ ਦੇਖੀ ਜਾ ਸਕਦੀ ਹੈ। ਪਰ ਫਿਰ ਵੀ ਪ੍ਰਬੰਧਕੀ ਅਤੇ ਮੋਨੋਜਰੀ ਢਾਂਚੇ ਵਿੱਚ ਬੱਝੇ ਲੋਕ, ਜ਼ਿੰਦਗੀ ਦੀ ਭੱਜ-ਨੱਠ ਵਿੱਚ ਲੱਗੇ, ਤਨਾਉ ਪੂਰਨ ਜ਼ਿੰਦਗੀ ਜੀ ਰਹੇ ਲੋਕਾਂ ਵਿੱਚ ਇਸ ਦੀ ਦਰ ਵੱਧ ਹੈ। ਪਹਿਲਾਂ-ਪਹਿਲ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਸ ਦਾ ਫਰਕ ਸ਼ਪਸਟ ਵੇਖਣ ਨੂੰ ਮਿਲਦਾ ਸੀ। ਪਰ ਹੁਣ ਪਿੰਡਾਂ ਵਿੱਚ ਵੀ ਸ਼ਹਿਰੀ-ਤਨਾਉ ਦੀਆਂ ਸਥਿਤੀਆਂ ਆਪਣਾ ਹਮਲਾ ਕਰਨ ਲੱਗ ਪਈਆਂ ਹਨ ਤੇ ਇਸ ਰੋਗ ਦੀ ਦਰ ਵਧਣ ਲੱਗ ਪਈ ਹੈ।

NATURALASE
Laser Hair Removal and Esthetics
ਸ਼ਾਹੀਆਂ ਪੱਕੇ ਤੌਰ ਤੇ ਹਟਾਉਂਦੇ ਹਾਂ
ਨੈਚੁਰਲੇਜ਼ ਲੇਜ਼ਰ ਸੈਂਟਰ ਡੀ-ਹੱਟ ਪੀਜ਼ਾ ਦੇ ਸਾਹਮਣੇ ਹੈ।
• LASER HAIR REMOVAL • LASER PEELS
• MICRODERMABRASION • FACIALS • WAXING
• MANICURES • PEDICURES • THREADING
• PERMANENT HAIR REMOVAL
Rittam (Owner)
CELL: 778-878-3138
Open 7 Days a Week
ਅਸੀਂ ਸੱਤੇ ਦਿਨ ਖੁੱਲੇ ਹਾਂ
604-852-4494
1-877-852-4494
2421 Clearbrook Road.,
Abbotsford, BC V2T 2X9

Lower Mainland
CARPET & UPHOLSTERY CLEANING
ਮੁਫਤ ਸਲਾਹ ਮਸ਼ਵਰਾ ਅਤੇ ਕੀਮਤ ਲੈਣ ਲਈ ਸੰਪਰਕ ਕਰ ਸਕਦੇ ਹੋ। ਐਵੇਂ ਅਲਜਣ ਨਾ-ਤਜਰਬੇ ਵਾਲਿਆਂ ਦੇ ਕੰਮ ਨਾਲ ਆਪਣੇ ਪੈਸੇ ਨਾ ਖਰਾਬ ਕਰੋ। ਅਸੀਂ ਆਪਣੇ ਕੰਮ ਦੀ ਪੂਰੀ ਗਰੰਟੀ ਕਰਦੇ ਹਾਂ।
ਐਬਟਸਫੋਰਡ ਵਿੱਚ ਇੱਕੋ ਇੱਕ
17 ਸਾਲਾਂ ਦੇ ਤਜਰਬੇ ਵਾਲੇ-ਭਰੋਸੇਯੋਗ ਤੇ ਬਹੁਤ ਹੀ ਵਾਜਬ ਕੀਮਤਾਂ
RESIDENTIAL & COMMERCIAL
ਰਿਹਾਇਸ਼ੀ ਅਤੇ ਵਪਾਰਿਕ
• Scotchgard
• Gum Removal
• Pet Stain/Odour Removal
• Stain and Spot Removal
• Car and Van Cleaning
• Furnace Duct Cleaning
ਰਗ (ਕਾਰਪੈਟ) ਗਰਮ ਪਾਣੀ ਤੇ ਭਾਫ਼ ਨਾਲ ਸਾਫ਼ ਕਰਦੇ ਹਾਂ
ਕਿਸੇ ਵੀ ਕਿਸਮ ਦਾ ਦਾਗ਼
(ਜਿਵੇਂ ਕੁੱਤੇ, ਬਿੱਲੀ ਦਾ, ਚਿੰਬੜੇ ਹੋਏ ਗਮ,
ਬੱਚਿਆਂ ਦੇ ਪਾਏ ਦਾਗ਼ ਸਾਫ਼ ਕਰਦੇ ਹਾਂ)
ਸੋਫ਼ੇ, ਕਾਰਾਂ, ਵੈਨਾਂ, ਟਰੱਕਾਂ ਨੂੰ ਵੀ ਭਾਫ਼ ਨਾਲ ਸਾਫ਼ ਕਰਦੇ ਹਾਂ।
(ਫਰਨਸ) ਹੀਟ ਵਾਲੀਆਂ ਸਾਰੀਆਂ ਪਾਈਪਾਂ ਭਰਨੇ ਸਾਫ਼ ਕਰਦੇ ਹਾਂ।
ਰਗ, ਸੋਫਿਆਂ ਤੇ ਕਾਰਾਂ 'ਚ ਦਾਗ਼ ਨਾ ਪੈਣ ਤਾਂ ਅਸੀਂ ਇੱਕ ਅਜਿਹੀ ਸਪਰੇਅ ਕਰਦੇ ਹਾਂ ਕਿ ਦਾਗ਼ ਪੈਣ ਤੋਂ ਬਚਾਅ ਰਹਿੰਦਾ ਹੈ।
THIS MONTHS SPECIAL
Carpet & Upholstery Cleaning
10% OFF
Free Estimates ਮੁਫਤ ਐਸਟੀਮੇਟ
ਘੱਟੋ ਘੱਟ ਕੀਮਤਾਂ ਦੀ ਗਰੰਟੀ
Lowest Prices Guaranteed
Call us for all your cleaning needs!
ਸਾਰਾ ਸਿਸਟਮ ਸਾਡੇ ਟਰੱਕ ਵਿੱਚ ਹੀ ਹੈ
POWERFUL TRUCK MOUNTED EQUIPMENT
ਸ਼ਕਤੀਸ਼ਾਲੀ ਵਧੀਆ ਇਕੂਪਮੈਂਟ ਵਾਲੀ ਵੈਨ
Pavan Kataria
Call: 604-857-2727
CARPET & FURNITURE

Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability
"We offer first rate and friendly service!"
Phone: 852-2565
Fax: 852-2996
Autoplan 12
HOURS OF OPERATION
Open 7 Days a Week
8:30 AM - 8 PM MON, TUE, WED
8:30 AM - 9 PM THU, FRI
10 AM - 6 PM SAT
10 AM - 5 PM SUN. & HOLIDAYS
1A-32465 South Fraser Way, Abbotsford, BC V2T 1X4

ਮਿਥਿਹਾਸ, ਇਤਿਹਾਸ ਅਤੇ ਇਤਿਹਾਸਕ ਪਦਾਰਥਵਾਦ

ਮਰਹੂਮ ਭਾਗ ਸਿੰਘ ਸਜਨ (ਹੁਸ਼ਿਆਰਪੁਰੀ)

ਉਪਰੋਕਤ ਤਿੰਨ ਨਾਂ ਭਾਵੇਂ ਵੱਖਰੇ ਹਨ ਪਰ ਇਹਨਾਂ ਦਾ ਆਪੋ ਵਿੱਚੀਂ ਗਹਿਰਾ ਤੇ ਅਨਿੱਖੜਵਾਂ ਸਬੰਧ ਹੈ। ਇਹ ਤਿੰਨੇ ਅਸਲ ਵਿੱਚ ਇੱਕ ਚੀਜ਼ ਹੀ ਹਨ। ਮਿਥਿਹਾਸ ਜਗੀਰਦਾਰ ਸਭਿਅਤਾ ਵੇਲ ਇਤਿਹਾਸ ਨੂੰ ਗੈਬੀ ਤੇ ਅਨਹੋਣੀ ਜਿਹੀ ਸ਼ਕਲ ਵਿੱਚ ਦੱਸਿਆ ਗਿਆ ਹੈ ਅਤੇ ਇਸ ਨੂੰ ਕਿਸੇ ਗੈਬੀ-ਸ਼ਕਤੀ ਦੇ ਚਮਤਕਾਰ ਵਜੋਂ ਪੇਸ਼ ਕੀਤਾ ਗਿਆ ਹੈ, ਜਿਵੇਂ ਮਹਾਂਭਾਰਤ ਅਤੇ ਰਮਾਇਣ ਦੇ ਉਪਨਿਆਸਾਂ ਨੂੰ ਕਿਸੇ ਵਿਸ਼ਣੂ ਦੇ ਅਵਤਾਰ ਧਾਰਨ ਨਾਲ ਜੋੜ ਦਿੱਤਾ ਅਤੇ ਇਸੇ ਤਰ੍ਹਾਂ 'ਨਰਸਿੰਘ' ਅਵਤਾਰ ਨੂੰ ਜੋੜ ਦਿੱਤਾ। ਸੰਸਾਰ ਵਿੱਚ ਜੀਵਨ ਵਿਕਾਸ ਨੂੰ ਵਿਸ਼ਣੂ ਦੇ ਚੌਦੀ ਅਵਤਾਰ ਦੱਸ ਦਿੱਤਾ। ਕਿਸੇ ਦਰਿਆ ਜਾਂ ਸਮੁੰਦਰ ਦੀ ਬਣਤਰ ਨੂੰ ਕਿਸੇ ਦੇਵਤੇ ਜਾਂ ਸਿੱਧ ਪੁਰਸ਼ ਦੀ ਇੱਛਿਆ ਨਾਲ ਵਜੂਦ ਵਿੱਚ ਆਇਆ ਦਰਸਾਇਆ ਗਿਆ ਹੈ।

ਇਤਿਹਾਸ ਸੰਸਾਰ ਵਿੱਚ ਸਮੇਂ-ਸਮੇਂ ਹੋਈ ਉਥਲ-ਪੁੱਥਲ ਨੂੰ ਕਿਸੇ ਸੂਰਮੇ ਦੀ ਇੱਛਾ ਨਾਲ ਬੰਨ੍ਹ ਦਿੰਦਾ ਹੈ। ਇਤਿਹਾਸਕਾਰ ਰਮਾਇਣ ਤੇ ਮਹਾਂਭਾਰਤ ਪਿੱਛੋਂ ਦੀਆਂ ਘਟਨਾਵਾਂ ਨੂੰ ਸਿਲਸਿਲੇਵਾਰ ਬਿਆਨ ਤਾਂ ਕਰਦੇ ਹਨ ਪਰ ਉਹਨਾਂ ਘਟਨਾਵਾਂ ਦਾ ਆਪੋ ਵਿੱਚੀਂ ਜੋੜ-ਮੇਲ ਨਹੀਂ ਬਣਾਉਂਦੇ। ਰੋਮਨ ਸਲਤਨਤ ਬਣੀ ਤੇ ਟੁੱਟੀ, ਇਹ ਤਾਂ ਲਿਖ ਦੇਂਦੇ ਹਨ ਪਰ ਕਿਵੇਂ ਬਣੀ ਤੇ ਕਿਉਂ ਟੁੱਟੀ ਇਹ ਨਹੀਂ ਦੱਸਦੇ। ਹਿੰਦੁਸਤਾਨ ਵਿੱਚ ਆਰੀਆ ਲੋਕ ਆਏ ਤੇ ਵਸ ਗਏ, ਪੂਰਵ ਆਰੀਆ ਲੋਕਾਂ ਨੂੰ ਮਾਰ-ਕੁੱਟ ਕੇ ਤਹਿਸ-ਨਹਿਸ਼ ਕਰ ਦਿੱਤਾ, ਪਿੱਛੋਂ ਆਏ ਹੋਰ ਕਬੀਲਿਆਂ ਦੇ ਸਾਹਮਣੇ ਆਪ ਹਾਰ ਗਏ, ਇਹ ਤਾਂ ਲਿਖ ਦਿੱਤਾ ਪਰ ਪਹਿਲਾਂ ਆਉਣ ਤੇ ਜਿੱਤਾਂ ਪ੍ਰਾਪਤ ਕਰਨ ਅਤੇ ਫਿਰ ਹਾਰਨ ਦਾ ਮੂਲ ਕਾਰਨ, ਇਤਿਹਾਸ ਵਿੱਚ ਨਹੀਂ ਲਿਖ ਸਕੇ। ਸਿਕੰਦਰੇ-ਆਜ਼ਮ ਨਿੱਕੇ ਜਿਹੇ ਇਲਾਕੇ ਮਕਦੂਨੀਆਂ ਤੋਂ ਚੱਲ ਕੇ ਤੁਰਕੀ, ਇਰਾਨ, ਅਫਗਾਨਿਸਤਾਨ ਤੇ ਪੱਛਮੀਂ ਪੰਜਾਬ ਤੱਕ ਜਿੱਤਾਂ ਹਾਸਿਲ ਕਰਦਾ ਚਲਾ ਆਇਆ ਪਰ ਬਿਆਸ ਦਰਿਆ ਨਾ ਪਾਰ ਕਰ ਸਕਿਆ। ਇਤਿਹਾਸਕਾਰਾਂ ਨੇ ਇਹ ਕਹਾਣੀ ਤਾਂ ਲਿਖ ਦਿੱਤੀ ਪਰ ਇਸ ਦੇ ਬੁਨਿਆਦੀ ਕਾਰਨਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਉਹ ਇਹਨਾਂ ਘਟਨਾਵਾਂ ਨੂੰ ਰਾਜਿਆਂ ਦੀ ਇੱਛਾ, ਤਕਤੀ ਤੇ ਸਿੱਖਿਅਤ ਫੌਜ ਤੇ ਨਵੀਨ ਹਥਿਆਰਾਂ ਜਾਂ ਕਿਸੇ ਇੱਕ ਪੁਰਸ਼ ਦੀ ਬਹਾਦਰੀ ਤੇ ਸੂਰਮਤਾਈ ਕਰਕੇ ਹੋਂਦ ਵਿੱਚ ਆਈਆਂ ਦੱਸ ਕੇ ਕੰਮ ਸਾਰ ਲੈਂਦੇ ਹਨ ਪਰ ਇਤਿਹਾਸ ਨੂੰ ਬਣਾਉਣ ਤੇ ਚਲਾਉਣ ਵਾਲੀ ਅਸਲ ਸ਼ਕਤੀ ਬਾਰੇ ਜਾਂ ਤਾਂ ਅਣਜਾਣ ਹਨ ਤੇ ਜਾਂ ਜਾਣ-ਬੁੱਝ ਕੇ ਅੱਖੋਂ ਉਹਲੇ ਕਰ ਦਿੰਦੇ ਹਨ।

ਇਤਿਹਾਸਕ ਪਦਾਰਥਵਾਦ ਇਤਿਹਾਸ ਨੂੰ ਬਣਾਉਣ ਤੇ ਚਲਾਉਣ ਵਾਲੀ ਅਸਲ ਸ਼ਕਤੀ 'ਸਮਾਜ' ਦੀ ਵਿਆਖਿਆ ਤੇ ਵਿਸ਼ਲੇਸ਼ਣ ਕਰਦਾ ਹੈ ਅਤੇ ਇਤਿਹਾਸ ਨੂੰ ਇੱਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਤੱਕਦਾ ਹੈ। 'ਇਤਿਹਾਸ' ਵੀ ਹੋਰਨਾਂ ਵਿਗਿਆਨਾਂ, ਜਿਵੇਂ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ ਵਾਂਗ ਹੀ ਇੱਕ ਵਿਗਿਆਨ ਹੈ। ਬਾਕੀ ਵਿਗਿਆਨਾਂ ਵਾਂਗ ਇਸ ਦੇ ਵੀ ਪੱਕੇ ਗੁਰ ਹਨ। ਇਹ ਗੁਰ ਕਦੇ ਵੀ ਘਟੇ, ਵਧਾਏ, ਘਟਾਏ ,ਬਦਲੇ, ਵਟਾਏ ਅਤੇ ਮਿਟਾਏ ਨਹੀਂ ਜਾ ਸਕਦੇ। ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਭੌਤਿਕ, ਰਸਾਇਣਕ ਜਾਂ ਜੀਵ ਵਿਗਿਆਨ ਦੇ ਗੁਰ ਬਦਲੇ, ਵਧਾਏ ਜਾਂ ਘਟਾਏ ਨਹੀਂ ਜਾ ਸਕਦੇ। ਇਹ ਗੁਰ ਖੋਜੇ ਜਾ ਸਕਦੇ ਹਨ ਅਤੇ ਖੋਜਣ ਉਪਰੰਤ ਇਹ ਆਪਣੀ ਇੱਛਾ ਅਨੁਸਾਰ ਵਰਤੇ ਜਾ ਸਕਦੇ ਹਨ। ਇਸੇ ਤਰ੍ਹਾਂ ਸਮਾਜੀ ਪ੍ਰੀਵਰਤਨ ਦੇ ਨਿਯਮ ਵੀ ਖੋਜੇ ਅਤੇ ਖੋਜਣ ਉਪਰੰਤ ਆਪਣੀ ਇੱਛਾ ਅਨੁਸਾਰ ਵਰਤੇ ਜਾ ਸਕਦੇ ਹਨ। ਇਸੇ ਨਿਯਮ ਜਾਂ ਵਿਗਿਆਨ ਦਾ ਨਾਂ 'ਇਤਿਹਾਸਕ ਪਦਾਰਥਵਾਦ ਹੈ।' ਇਤਿਹਾਸਕ ਪਦਾਰਥਵਾਦ ਦੇ ਨਿਯਮ ਪਦਾਰਥਕ ਪ੍ਰੀਵਰਤਨ ਦੇ ਨਿਯਮਾਂ ਤੋਂ ਵੱਖਰੇ ਹਨੀ। (ਜਿਵੇਂ ਰਸਾਇਣ ਜਾਂ ਭੌਤਿਕ ਵਿਗਿਆਨ ਵਿੱਚ ਦੋ ਵਿਰੋਧੀ ਪਦਾਰਥਾਂ ਦਾ ਆਪੋ ਵਿੱਚ ਇਹ ਮੇਲ ਤੇ ਸੰਘਰਸ਼ ਵਸਤੂ ਦਾ ਨਵਾਂ ਰੂਪ ਜਾਂ ਨਵੀਂ ਵਸਤੂ ਵਜੂਦ ਵਿੱਚ ਆ ਜਾਂਦੀ ਹੈ ਬਿਲਕੁਲ ਉਸੇ ਤਰ੍ਹਾਂ ਸਮਾਜ ਵਿੱਚ ਵੀ ਦੋ ਵਿਰੋਧੀਆਂ ਦਾ ਆਪੋ ਵਿੱਚ ਮੇਲ ਤੇ ਸੰਘਰਸ਼ ਹੈ) ਪਰਸਪਰ ਵਿਰੋਧੀਆਂ ਦੀ ਹੋਂਦ ਦਾ ਇੱਕ ਦੂਜੇ ਦੀ ਹੋਂਦ ਕਾਰਨ ਹੋਣਾ ਤੇ ਆਪੋ ਵਿੱਚ ਟਕਰਾ। ਦੋ ਵਿਰੋਧੀਆਂ ਦੀ ਆਪਸ ਵਿੱਚ ਖਹਿਣ ਲਈ ਇੱਕ ਦੂਜੇ ਵੱਲ ਖਿੱਚ ਤੇ ਸਮ-ਪੱਖੀਆਂ ਦਾ ਵੀ ਮੇਲ ਹੋ ਜਾਣਾ। ਪ੍ਰਸਪਰ ਵਿਰੋਧੀ ਸ਼ਕਤੀਆਂ ਦਾ ਹਰ ਸਮੇਂ ਸਮਤੁਲਨ: ਇੱਕ ਵਿਰੋਧੀ ਸ਼ਕਤੀ ਦੇ ਖਤਮ ਹੋ ਜਾਣ ਨਾਲ ਦੂਜੇ ਦਾ ਆਪਣੇ ਆਪ ਮਿਟ ਜਾਣਾ। ਪ੍ਰਸਪਰ ਵਿਰੋਧੀਆਂ ਦੇ ਖਹਿ ਨਾਲ ਦੋਹਾਂ ਦਾ ਖਾਤਮਾ ਤੇ ਇੱਕ ਨਵੇਂ ਤੇ ਵੱਖਰੇ ਗੁਣਾਂ ਵਾਲੀ ਸ਼ਕਤੀ ਦਾ ਪੈਦਾ ਹੋਣਾ। ਵਿਰੋਧੀਆਂ ਦੇ ਪ੍ਰਸਪਰ ਸੰਘਰਸ਼ ਨਾਲ ਹਰ ਸਮੇਂ ਕਿਸੇ ਚੀਜ਼ ਦਾ ਉਭਰਨਾ ਤੇ ਵਧਣਾ ਅਤੇ ਕਿਸੇ ਚੀਜ਼ ਦੇ ਘਟਦੇ ਜਾਂ ਨਿਘਰਦੇ ਜਾਣਾ। ਇਸ ਵਾਧੇ ਘਾਟੇ ਦਾ ਕਿਸੇ ਖਾਸ ਹੱਦ ਤੇ ਪੁੱਜ ਕੇ ਮਿਕਦਾਰ ਦਾ ਸਿਫਤ ਵਿੱਚ ਬਦਲਣਾ, ਭਾਵ ਛੜੱਪਾ ਮਾਰ ਕੇ ਨਵੀਂ ਵਸਤੂ ਦਾ ਹੋਂਦ ਵਿੱਚ ਆਉਣਾ। ਇਸ ਸਮੇਂ ਅਤਿਅੰਤ ਤਾਪ ਦਾ ਪੈਦਾ ਹੋਣਾ ਜਾਂ ਇਸ ਦੀ ਲੋੜ ਪੈਣੀ। ਕਿਸੇ ਇੱਕ ਚੀਜ਼ ਦੇ ਵਿਨਾਸ਼ ਤੋਂ ਨਵੀ ਵਸਤੂ ਦਾ ਪੈਦਾ ਹੋਣਾ ਤੇ ਮੁੜ ਨਵੀਂ ਦੇ ਵਿਨਾਸ਼ ਉਪਰੰਤ ਪਹਿਲੀ ਵਸਤੂ ਦਾ ਵਧੇਰੇ ਮਾਤਰਾ ਵਿੱਚ ਮੁੜ ਪੈਦਾ ਹੋਣਾ।

ਜਿਵੇਂ ਰਸਾਇਣ ਵਿਗਿਆਨ, ਜੀਵ ਵਿਗਿਆਨ ਤੇ ਭੌਤਿਕ ਵਿਗਿਆਨ ਵਿੱਚ ਵਿਰੋਧੀਆਂ ਦਾ ਮੇਲ ਅਤੇ ਸੰਘਰਸ਼ ਹਰ ਸਮੇਂ, ਹਰ ਪੱਧਰ ਅਤੇ ਹਰ ਖੇਤਰ ਵਿੱਚ ਜਾਰੀ ਰਹਿੰਦਾ ਹੈ, ਇਸੇ ਤਰ੍ਹਾਂ ਸਮਾਜ ਵਿੱਚ ਵੀ ਦੋ ਪ੍ਰਸਪਰ ਵਿਰੋਧੀ ਸ਼ਕਤੀਆਂ ਦਾ ਮੇਲ ਤੇ ਸੰਘਰਸ਼ ਅਟੱਲ ਤੇ ਨਿਰੰਤਰ ਜਾਰੀ ਰਹਿੰਦਾ ਹੈ। ਇਸ ਸੰਘਰਸ਼ ਦੇ ਸਿੱਟੇ ਵਜੋਂ ਹੀ ਸਮਾਜ ਵਿੱਚ ਪ੍ਰੀਵਰਤਨ ਹੁੰਦਾ ਰਹਿੰਦਾ ਹੈ ਪਰ ਇਸ ਨੂੰ ਅਸੀਂ ਵਿਕਾਸ ਆਖਦੇ ਹਾਂ। ਇਹ ਵਿਕਾਸ ਇੱਕ ਖਾਸ ਪੱਧਰ ਤੇ ਜਾ ਕੇ ਰੁਕ ਜਾਂਦਾ ਹੈ ਅਤੇ ਉਸ ਸਮੇਂ ਸੰਘਰਸ਼ ਆਮ ਸੰਘਰਸ਼ ਨਾਲੋਂ ਕਈ ਗੁਣਾਂ ਵਧੇਰੇ ਤਿੱਖਾ ਹੋ ਕੇ ਸਮਾਜ ਦਾ ਨਵਾਂ ਰੂਪ ਬਣਾ ਦਿੰਦਾ ਹੈ ਜਿਸ ਨੂੰ ਕ੍ਰਾਂਤੀ, ਇਨਕਲਾਬ ਜਾਂ ਯੁੱਗ ਪ੍ਰੀਵਰਤਨ ਆਖਦੇ ਹਨ। ਸੋ ਵਿਕਾਸ ਉਪਰੰਤ ਇਨਕਲਾਬ ਤੇ ਇਨਕਲਾਬ ਤੋਂ ਪਿੱਛੋਂ ਮੁੜ ਵਿਕਾਸ, ਫਿਰ ਇਨਕਲਾਬ ਤੇ ਫਿਰ ਵਿਕਾਸ ਹੁੰਦਾ ਰਹਿੰਦਾ ਹੈ। ਇਸੇ ਦਾ ਨਾਂ "ਇਤਿਹਾਸਕ ਪਦਾਰਥਵਾਦ" ਹੈ। ਇਤਿਹਾਸ ਇਸ ਲਈ ਕਿ ਇਹ ਵਿਕਾਸ, ਵਿਕਾਸ ਤੇ ਇਨਕਲਾਬ ਦਾ ਪ੍ਰਗਟ ਰੂਪ ਇਤਿਹਾਸ ਹੈ। ਪਦਾਰਥਵਾਦ ਇਸ ਲਈ ਕਿ ਮਨੁੱਖ ਆਪ ਇੱਕ ਪਦਾਰਥ ਹੈ ਅਤੇ ਜੀਵਨ ਪਦਾਰਥਕ ਪ੍ਰੀਵਰਤਨ ਦਾ ਇੱਕ ਰੂਪ ਹੈ। ਇਹ ਪਦਾਰਥਕ ਨਿਯਮਾਂ ਅਨੁਸਾਰ ਚਲਦਾ ਹੈ। ਇਤਿਹਾਸਕ ਪਦਾਰਥਵਾਦ ਅਸਲ ਵਿੱਚ ਜੀਵਨ ਵਿਕਾਸ ਦਾ ਮਨੁੱਖੀ ਸਮਾਜ ਉਤੇ ਮਨੁੱਖੀ ਸਮਾਜ ਬਾਰੇ ਭਾਗਾ ਹੈ। ਮਨੁੱਖੀ ਸਮਾਜ ਦੇ ਉਹੀ ਨਿਯਮ ਜਾਂ ਗੁਰ ਹਨ ਜੋ ਆਮ ਜੀਵਨ ਤੇ ਲਾਗੂ ਹੁੰਦੇ ਹਨ। ਜੀਵ ਵਿਗਿਆਨ ਪਦਾਰਥਕ ਪ੍ਰੀਵਰਤਨ ਦਾ ਤੀਜਾ ਰੂਪ ਹੈ ਅਤੇ ਇਹੀ ਮਨੁੱਖੀ ਸਮਾਜ ਜਾਂ ਬਾਕੀ ਸਾਰੇ ਜੀਵਨ ਦੇ ਨਿਯਮਾਂ ਤੇ ਲਾਗੂ ਹੁੰਦਾ ਹੈ।

SUHAAG
BOUTIQUE & BEAUTY SALON
ਸੁਹਾਗ ਬੁਟੀਕ ਐਂਡ ਬਿਊਟੀ ਸਲੋਨ
ONE STOP SHOP FOR LADIES!
ਤਾਰੀ ਸਲੈਕਸਨ ਵਿੱਚ
Boutique Suits, Sarees, Lahengas, Purses, Ladies Shoes
All Alteration and Stitching Services
ਜਿਊਲਰੀ ਅਤੇ ਨਵੇਂ-ਨਵੇਂ ਡਿਜ਼ਾਇਨਾਂ ਦੇ ਸੂਟ ਅਤੇ ਸਾੜੀਆਂ ਪਹੁੰਚ ਚੁੱਕੀਆਂ ਹਨ ।

We Specialize in:
Threading
Waxing
Facial
All your hair needs
And Much More!!!
All our work is Guaranteed... you will not be disappointed
We provide all your salon services

Manicure and Pedicure Special Only $45.00
We also offer:
Permanent Saree Stitching
Facial Touch-ups
Special on Newly Arrived SHAWLS
Henna • Mehndi

SPECIAL FEATURE!!
Skin Tightening and Face Glow Facial
ਤੁਹਾਡੀ ਪਸੰਦ ਦੇ ਸੂਟ ਸਾੜੀਆਂ ਆਰਡਰ ਤੇ ਵੀ ਮੰਗਵਾਉਂਦੇ ਹਾਂ ।
We can custom order suits and sarees!
OPEN 7 DAYS A WEEK!
Mon-Sat 10:30am to 7:30pm
Sunday 11:00am to 6:00pm
Shashi: 604.746.4433 • Cell: 778.878.4618
Unit #4 2629 Cedar Park Place, Abbotsford B.C.

ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਅਸਲੀ ਇਨਵੈਸਟਮੈਂਟ ਤੁਹਾਡਾ ਆਪਣਾ ਪਰਿਵਾਰ ਅਤੇ ਆਪਣੇ ਬੱਚੇ ਹਨ?
You can't predict the future...but you can protect it!!
ਅਸੀਂ ਹੇਠ ਲਿਖੀਆਂ ਇੰਸ਼ੋਰੈਂਸ ਸੇਵਾਵਾਂ ਦਿੰਦੇ ਹਾਂ:
• ਲਾਈਫ ਇੰਸ਼ੋਰੈਂਸ
• ਨਾਮੁਰਾਦ ਬਿਮਾਰੀਆਂ ਦਾ ਇੰਸ਼ੋਰੈਂਸ
• ਸੱਟ ਫੇਟ ਕਾਰਨ ਕੰਮ ਦੇ ਅਯੋਗ ਹੋਣਾ
• ਐਕਸੀਡੈਂਟ ਅਤੇ ਬਿਮਾਰੀ ਬਾਰੇ
• ਯਾਤਰਾ ਸਬੰਧੀ
• ਡੈਂਟਲ ਇੰਸ਼ੋਰੈਂਸ
• ਆਰ.ਈ.ਐਸ.ਪੀ.
We provide following insurance services:
• Life Insurance
• Critical Illness Insurance
• Disability Insurance
• Accident and Sickness
• Travel Insurance
• Dental Insurance
• RESP Education Plan
ਆਰ.ਈ.ਐਸ.ਪੀ
ਆਰ.ਆਰ.ਐਸ.ਪੀ
RESP • RRSP
ਸੁਨਹਿਰੀ ਮੌਕਾ: 31 ਦਸੰਬਰ 2009 ਤੱਕ ਕ੍ਰਿਟੀਕਲ ਇੰਸ਼ੋਰੈਂਸ ਲੈਣ 'ਤੇ 2 ਮਹੀਨੇ ਕੋਈ ਕਿਸ਼ਤ ਨਹੀਂ ਦੇਣੀ ਪਵੇਗੀ
ਤੁਹਾਡਾ ਇੱਕ ਫੋਨ ਜਾਂ ਤੁਹਾਡੇ ਨਾਲ ਇੱਕ ਮੁਲਾਕਾਤ ਤੁਹਾਡੀ ਸੋਚ ਅਤੇ ਜ਼ਿੰਦਗੀ ਬਦਲ ਸਕਦੀ ਹੈ।
ਤੁਹਾਡਾ ਥੋੜਾ ਜਿਹਾ ਸਮਾਂ ਲੈਣ ਦਾ ਇਛੁੱਕ ਮਲਵਿੰਦਰ ਚੀਮਾ:
778-241-0862
cheema_18@hotmail.com

Malvinder Cheema
778-241-0862

ਟਾਈਮ 'ਤੇ ਪੈਸੇ ਦੀ ਹਿਫਾਜ਼ਤ... ਅਸੀਂ ਤੁਹਾਨੂੰ ਉਹ ਦਿੰਦੇ ਹਾਂ ਜੋ ਤੁਹਾਨੂੰ 'ਤੇ ਤੁਹਾਡੇ ਪਰਿਵਾਰ ਨੂੰ ਚਾਹੀਦਾ ਹੈ

• ਲਾਈਫ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟ੍ਰੱਕ ਡਰਾਈਵਰਾਂ ਵਾਸਤੇ
• ਵਿਜ਼ਿਟਰ ਇੰਸ਼ੋਰੈਂਸ
• ਟਰੈਵਲ ਇੰਸ਼ੋਰੈਂਸ
• ਸੂਬੇ (ਪ੍ਰੋਵਿੰਸ) ਤੋਂ ਬਾਹਰ ਕਵਰੇਜ
• ਡੈਂਟਲ ਤੇ ਮੈਡੀਕਲ ਪਲੈਨ
• ਆਰ.ਈ.ਐਸ.ਪੀ., ਆਰ.ਆਰ.ਐਸ.ਪੀ.
• ਮਨੀ-ਬੈਕ ਟਰਮ ਇੰਸ਼ੋਰੈਂਸ
"ਬੈਂਕ ਤੋਂ ਮੌਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਤੁਹਾਡੇ ਕੋਲ ਪਹਿਲਾਂ ਹੀ ਮੌਰਟਗੇਜ ਇੰਸ਼ੋਰੈਂਸ ਹੈ, ਤਾਂ ਪਰਸਨਲ ਇੰਸ਼ੋਰੈਂਸ ਕਰਵਾਉ"
ਆਪਣੀ ਕਮਿਊਨਿਟੀ ਦੀ #1 ਟੀਮ
ਸਾਡੇ ਕੋਲ 10,15,20 ਸਾਲਾਂ ਦੀ ਗਰੰਟਿਡ ਪੇਏਬਲ ਪਲੈਨ ਹੈ
Insuring your Life, Ensuring your Trust
Punjab Insurance Agency Inc.
8467-120th St., Delta, BC V4C 6R2
ਦੇਰ ਨਾ ਕਰੋ..... ਸਿਰਫ ਫੋਨ ਘੁਮਾਉ
604-349-4040
TOLL FREE : 1-888-9PUNJAB (978-6522)
www.punjabinsurance.ca
email: admin@punjabinsurance.ca

Sandeep Ahuja

Sherjang Singh Rana
TORONTO 416-996-6464
CALGARY 403-700-9090
EDMONTON 780-318-2525
WINNIPEG 204-979-5060
MONTREAL 514-918-6868


SHINDER GILL
604.832.0540

LANDMARK REALTY CORP.

Call us for All Your Real Estate Needs!

Phone: 604-855-0800

The Fastest Connection to the Fraser Valley Real Estate Board Listings

www.teamelite.ca

LENORA
ASSISTANT

TEAM ELITE.ca

Choose the winning team!

info@teamelite.ca


PARV HARRY
604.832.0944

TRADES ACCEPTED!! ABBOTSFORD HOUSES TRADES ACCEPTED!!

FEATURE LISTING! CENTRAL LOCATION



31476 Cougar Court
8 bdrm / 5 bath
Legal Suite/View
living space = 4000 sq ft
lot = 6396 SF
2006
New House
$624,800

Close to UFV & AE&SC

213-33718 King Road
2 bdrm / 2 bath
Nice Inside Unit
living space = 924 sq ft
Strata = $170/mth
$179,900

1st Time Buyers

9 - 2241 McCallum Road
3 bdrm / 2 bath
Inside Unit
living space = 1400 sq ft
strata = $170/mth
$209,900

West of Walmart

33795 Marshall Road
2 bdrm / 2 bath
Investment Opportunity
living space = 720 sq ft
lot = 5837 SF
$267,700

Southpoint Ridge



103-3160 Townline Rd
4 bdrm / 3 bath
Huge Recroom
living space = 2470 sq ft
strata = $184/mth
$309,900

Investors - Huge Lot!

32030 Fir Ave
4 bdrm / 2 bath
Buy with adjacent lot
living space = 2128 sq ft
lot = 9844 sq ft
$324,700

West Abbotsford



2740 Valemont Cres
5 bdrm / 2 bath
Unauth 2 Bdrm Suite
living space = 2100 sq ft
lot = 8385 SF
$348,800

Easy Highway Access

2486 Hilltout Street
4 bdrm / 1 bath
Nice Starter Home
living space = 2264 sq ft
lot = 8175 SF
$349,800

FEATURE LISTING! EAST ABBY BEAUTY!!



3548 Creekstone Dr.
7 bdrm / 5 bath
Has 2 bdrm Legal Suite
living space = 5376 sq ft
lot = 11326 SF
2008
PRICE $669,800

Large Lot

32063 Dabreen Cres
6 bdrm / 3 bath
Has Rec & Bath Down
living space = 1952 sq ft
Lot = 7840 sq ft
$349,900

Central Abbotsford



2974 Castle Court
4 bdrm / 3 bath
Has Rec & Bed in bsmt
living space = 1948 sq ft
Lot = 8638 sq ft
$369,800

Mill Lake Area

32591 Bevan Ave
6 bdrm / 3 bath
Has 2 bdrm Suite
living space = 2200 sq ft
lot = 7280 SF
$399,800

Has Nanny Suite!

31025 Gardner Ave
4 bdrm / 3 bath
Well Kept Home
living space = 2129 sq ft
lot = 6700 sq ft
$409,900

Nice Area of West Abby

31022 Creekside Dr
5 bdrm / 3 bath
2 bdrm Unauth. Suite
living space = 2122 sq ft
Lot = 7422 SF
$419,900

Quiet Area of Blueridge

30706 Crestview Ave
5 bdrm / 3 bath
Legal 2 bdrm Suite
living space = 2400 sq ft
lot = 5935 SF
$464,800

Just off Mt. Lehman

30544 Northridge Way
5 bdrm / 4 bath
2 bdrm Legal Suite
living space = 2612 sq ft
lot = 7317 SF
$497,700

FEATURE LISTING! NEWLY BUILT

OPEN HOUSE Sat. 2-4pm

2509 Lilac Cres
6 bdrm / 5 bath
Has Legal 2 bdrm Suite
living space = 3983 sq ft
lot = 7920? SF
2008
PRICE $674,800

2 Homes for Sale

32018 Fir Avenue
4 bdrm / 3 bath
Buy with 32030 Fir Ave.
living space = 2100 sq ft
Lot = 8400 sq ft
$498,700

Fabulous Area

1985

3429 Thurston Place
6 bdrm / 5 bath
Bonus Room
living space = 3598 sq ft
lot = 6274 SF
Reduced $529,600

Uniquely Designed

3567 Summit Drive
4 bdrm / 5 bath
1 bdrm legal suite
living space = 2940 sq ft
lot = 6000 SF
$534,900

Brand New/Mill Lake

32831 Bevan Avenue
6 bdrm / 4 bath
2 bdrm suite/Rec & Bath
living space = 3294 sq ft
lot = 6561 SF
$539,800

New Construction

35709 Zanatta Place
3 bdrm + Den / 2 bath
1086 sq.ft. Unfinished Bsmt
living space = 3112 sq ft
lot = 6137 SF
$569,800

Aberdeen Beauty

OPEN HOUSE Sunday 2-4pm

2008

27925 Trestle Ave
5 bdrm / 3 bath
Over 1/3 Acre
living space = 3812 sq ft
lot = 16254 SF
$588,800

New Construction

30514 Blueridge Drive
7 bdrm / 5 bath
Has Suite
living space = 3948 sq ft
lot = 6877 SF
REDUCED $589,800

The Highlands!

3382 Applewood Drive
5 bdrm / 4 bath
Has Legal Suite
living space = 3469 sq ft
Lot = 5877 sq ft
$614,800

What an Opportunity

4627 Dixon Road
4 bdrm / 3 bath
Over 30 Acres
living space = 2310 sq ft
Lot = 30.78 Acres
$3,288,888

Acreage and/or Farms

Two Homes!

39963 Parallel Road N
22.71 Acres
16 Acres Active Blueberries
Call Us!

10 Acres in Matsqui

Lot 24
Beharrell Road
Build Your Dream Home!
10.36 Acres of Good Soil.
$748,900

LOTS

LOTS - Ready to Build



36497 Carnarvon Ct.
7629 sq.ft. Lot

36507 Carnarvon Ct.
8172 sq.ft. Lot
$248,800

CHILLIWACK

Lots in Chilliwack

Cecil Ridge
Beautiful View of The Valley
$198,800

North of City Centre



9623 Young Road
4 bdrm / 1 bath
Large Lot
living space = 1974 sq ft
lot = 8448 SF
Reduced $279,900

Over 1/5 of an Acre



9256 Broadway Street
3 bdrm / 2 bath
Central Location
living space = 1927 sq ft
lot = 9240 SF
REDUCED $299,800

ALDERGROVE HOUSES

2 CASTLEMORE HOMES

FEATURE LISTING!

QUIET CUL-DE-SAC

Lot 19

2711 Carriage Ct
5 bdrm / 4 bath
Crown Moulding/Granite
living space = 3496 sq ft
lot = 7169SF

PRICE REDUCED $529,800

1 Bdrm Legal Suite

Lot 15

2716 Carriage Ct
5 bdrm / 4 bath
Hardwood Floors
living space = 3026 sq ft
lot = 5823SF
$489,800

EAST ABBOTSFORD

2 Storey Basement Entry Homes
Fully Finished
Price $499,800

2 Storey With Basement
Fully Finished
Price $599,800

COMMERCIAL

Taco Del Mar

Restaurant for Sale
362 - 32555 London Ave.
Mission
Located in The Junction
Business Only
$218,800

Restaurant for Sale

Best Western Eastern Food
104 - 33643 Marshall Road
Business Only
$59,700.00

Retail Space

2111 McCallum Rd.
1000 - 6000 sqft.
$15/sqft

Auto Wrecking

Running Auto Wreckers for SALE
1/2 to 2 Acres
$24,900

For Lease

Commercial Truck Parking for Lease

Video Store

For Sale In Mission
32032 Lougheed Hwy
Business Only
$37,700

Video Store

Price Busters Video for Sale
3-31205 Old Yale Rd.
Business Only
$89,700

Dry Cleaners

104-2760 Gladwin
Business Only
$88,800

JOE CHAHAL

ਜੋਗਿੰਦਰ ਸਿੰਘ ਚਾਹਲ

604-855-7393

Email: joechahal@shaw.ca

Lighthouse REALTY
SUITE 29, 3168 CLEARBROOK RD., ABBOTSFORD BC

View Listings Online at:
www.joechahal.com

Industrial • Commercial • Residential
Licensed and Bonded Reg: 23038
ਵਾਇਰਟੈਕ
ਇਲੈਕਟ੍ਰਿਕ ਕੰਪਨੀ ਲਿਮਟਿਡ
ਸਨਅਤੀ, ਵਪਾਰਿਕ, ਰਿਹਾਇਸ਼ੀ
ਲਾਈਸੈਂਸ ਐਂਡ ਬਾਂਡਿਡ ਰਜਿਸਟਰਿਡ 23038
ਭਾਵ ਕਿਸੇ ਵੀ ਕਿਸਮ ਦੇ ਬਿਜਲੀ ਦੇ ਕੰਮ (ਨਵੇਂ ਘਰ ਜਾਂ ਬਿਜ਼ਨਿਸ ਦੀ ਫ਼ਿਟਿੰਗ ਵਾਇਰਿੰਗ) ਹਮੇਸ਼ਾਂ ਲਈ ਇੱਕੋ ਇੱਕ ਨਾਂ ਯਾਦ ਰੱਖੋ। ਵਾਇਰਟੇਕ ਇਲੈਕਟ੍ਰੀਕਲ ਕੰਪਨੀ
Daljit Gill
ਦਲਜੀਤ ਸਿੰਘ ਗਿਲ
ਟੈਲੀਫੋਨ 604-308-2666
604-832-3370
Sukhdev Binar
ਸੁਖਦੇਵ ਬਿਨਾਰ
ਟੈਲੀਫੋਨ 604-308-3094
Unit 481 P.O. Box: 8000
Abbotsford, BC V2S 6H1

ਬੰਬੇ ਕਾਂਡ ਦੀ ਪੀੜਤ ਇੱਕ ਬੱਚੀ ਦਾ ਦਹਿਸ਼ਤਗਰਦਾ ਦੇ ਨਾਂ ਖ਼ਤ

ਕੁਲਵੀਰ 'ਡਾਨਸੀਵਾਲ'

ਜੁਲਮਾਂ ਦੀ ਦੁਨੀਆਂ ਦੇ ਬੇਦਰਦ ਦਹਿਸ਼ਤਗਰਦੋ, ਤੁਹਾਡੇ ਤਸ਼ੱਦਦ ਦੇ ਕਹਿਰ ਦੀ ਭੇਂਟ ਚੜ੍ਹੀ ਇਸ ਪੰਜ ਸਾਲਾ ਬੱਚੀ ਵਲੋਂ ਲਾਹਣਤਾਂ ਭਰੀ ਨਮੱਸਤੇ। ਮੇਰੀ ਹੱਸਦੀ ਵੱਸਦੀ ਦੁਨੀਆਂ ਉਜਾੜਨ ਵਾਲਿਓ, ਮੈਂ ਵੀ ਹੋਰਾਂ ਦੀ ਤਰ੍ਹਾਂ ਤਾਜ਼ ਹੋਟਲ ਦੇ ਇੱਕ ਕਮਰੇ ਵਿੱਚ ਤੁਹਾਡੀ ਦਹਿਸ਼ਤ ਦਾ ਸ਼ਿਕਾਰ ਹੋਈ। ਤੁਸੀਂ ਮੇਰੇ ਡੈਡੀ ਦੇ ਸਿਰ 'ਚ ਗੋਲੀ ਮਾਰੀ ਅਤੇ ਫਿਰ ਸੱਤ ਸਾਲ ਦੇ ਪਿਆਰੇ ਵੀਰੇ ਨੂੰ ਅਗਵਾ ਕਰ ਲਿਆ। ਜਦੋਂ ਤੁਸੀਂ ਮੈਨੂੰ ਗੋਲੀਆਂ ਮਾਰਨ ਲੱਗੇ, ਮਮਤਾ ਦੀ ਮੂਰਤ ਮੇਰੀ ਮਾਂ ਮੇਰੇ ਉਤੇ ਡਿੱਗ ਪਈ। ਤੁਹਾਡੀਆਂ ਗੋਲੀਆਂ ਉਹਨੂੰ ਤਾਂ ਛੱਲਣੀ ਕਰ ਗਈਆਂ ਪਰ ਉਸ ਨੇ ਛਾਤੀ ਨਾਲ ਘੁੱਟ ਕੇ ਮੈਨੂੰ ਬਚਾ ਲਿਆ। ਵਿਚਾਰੀ ਮਰਨ ਲੱਗੀ ਵੀ ਮੈਨੂੰ ਕਹਿ ਰਹੀ ਸੀ, ਮੇਰੀਏ ਧੀਏ ਤੇਰੇ ਤੇ ਮੇਰਾ ਭਾਰ ਤਾਂ ਨਹੀਂ ਪਿਆ, ਤੈਨੂੰ ਕਿਤੇ ਸੱਟ ਤਾਂ ਨਹੀਂ ਲੱਗੀ। ਇਸ ਤਰ੍ਹਾਂ ਤੁਹਾਡੀਆਂ ਬੇਰਹਿਮ ਅਤੇ ਖੂੰਖਾਰ ਹਵਾਵਾਂ ਦਾ ਝੱਖੜ ਸਾਡੀਆਂ ਹੱਸਦੀਆਂ ਸਧਰਾਂ ਨੂੰ ਹੂੰਝ ਕੇ ਲੈ ਗਿਆ। ਇੱਕ ਧੀ ਜਿਸ ਨੇ ਕਲਪਨਾ ਚਾਵਲਾ ਵਾਂਗੂੰ ਚੰਦ ਤੇ ਚੜ੍ਹਨ ਦੇ ਸੁਫਨੇ ਦੇਖੇ ਸਨ, ਸ਼ਾਇਦ ਹੁਣ ਦੁਨੀਆਂ ਦੀਆਂ ਭੈੜੀਆਂ ਨਜ਼ਰਾਂ ਤੋਂ ਡਰਦੀ, ਕੋਠੇ ਵੀ ਨਾ ਚੜ੍ਹ ਸਕੇ। ਜਿਸ ਨੇ ਵੱਡੀ ਹੋ ਕੇ ਚਾਵਾਂ ਨਾਲ ਵਿਆਹ ਵਾਲੀ ਡੋਲੀ ਚੜ੍ਹਨਾ ਸੀ, ਉਹ ਹੁਣ ਭੈੜੇ ਸਮਾਜ ਦੀ ਸੂਲੀ ਚੜੇਗੀ। ਹੁਣ ਇਹ ਬੇਸਹਾਰਾ ਧੀ ਪਤਾ ਨਹੀਂ ਕਿਨਿਆਂ ਮਰਦਾਂ ਦੀ ਹਵਸ਼ ਦਾ ਸ਼ਿਕਾਰ ਹੋਵੇਗੀ। ਜਿਸ ਹਸਪਤਾਲ ਵਿੱਚ ਇਸ ਧੀ ਨੇ ਡਾਕਟਰ ਬਣਨ ਦੇ ਸਪਨੇ ਦੇਖੇ ਸਨ, ਉਹ ਇਸੇ ਹਸਪਤਾਲ ਦੇ ਕਿਸੇ ਗੰਦੇ ਬਿਸਤਰ ਤੇ ਕਿਸੇ ਮਰਦ ਦੀ ਹਵਸ਼ ਦਾ ਗੰਦ ਆਪਣੇ ਪੇਟ 'ਚੋਂ ਕਢਾਉਣ ਲਈ ਪਈ ਹੋਵੇਗੀ। ਜਿਸ ਦਾ ਮਨ ਚਾਹਿਆ ਪੂਰਨ ਮਾਹੀ ਹੋਣਾ ਸੀ, ਉਸ ਲੂਣਾ ਨੂੰ ਹੁਣ ਕਿਸੇ ਬੁੱਢੇ ਸਲਵਾਨ ਜਿਹੇ ਰੁੱਖ ਦੀ ਵਿਰਲੀ ਛਾਂ ਦਾ ਸੋਕ, ਆਪਣੀ ਧੁਖਦੀ ਹਿੱਕ ਤੇ ਹੰਢਾਉਣਾ ਪਵੇਗਾ। ਇੱਕ ਭੈਣ ਹੁਣ ਸਾਰੀ ਜ਼ਿੰਦਗੀ ਭਰਾ ਦੇ ਗੁੱਟ ਤੇ ਰੱਖੜੀ ਬੰਨਣ ਨੂੰ ਤਰਸੇਗੀ। ਜਿਸ ਧੀ ਨੇ ਭਾਂਸੀ ਦੀ ਰਾਣੀ ਵਾਂਗ ਜ਼ੁਲਮਾਂ ਨਾਲ ਲੜਨਾ ਸੀ ਉਹ ਹੁਣ ਪਾਪੀ ਪੇਟ ਦੀ ਭੁੱਖ ਅਤੇ ਤਨ ਨੋਚਣ ਵਾਲੀਆਂ ਗਿਰਝਾਂ ਨਾਲ ਲੜੇਗੀ। ਜਿਸ ਨੇ ਸਕੂਲ ਵਿੱਚ ਟੀਚਰ ਬਣਨ ਦੇ ਸੁਪਨੇ ਲਏ ਸਨ, ਉਹ ਉਸੇ ਸਕੂਲ ਦੇ ਬਾਥਰੂਮ ਸਾਫ ਕਰਦੀ ਨਜ਼ਰ ਆਏਗੀ। ਤੁਸੀਂ ਮੈਨੂੰ ਇਹੋ ਜਿਹੇ ਚੁਰਸਤੇ ਤੇ ਸੁੱਟ ਗਏ ਹੋ, ਜਿਸ ਦੇ ਚਾਰੇ ਰਾਹ ਬਰਬਾਦੀ ਹਵਸ਼ਾਂ ਦੇ ਸ਼ਹਿਰ, ਰੰਡੀਆਂ ਦੇ ਕੋਠੇ ਅਤੇ ਜਿਸਮਾਂ ਦੀਆਂ ਮੰਡੀਆਂ ਵੱਲ ਨੂੰ ਜਾਂਦੇ ਹਨ। ਵੇਖਣਾ ਇਹ ਇਤਿਹਾਸ ਦੁਬਾਰਾ ਨਾ ਦੁਹਰਾਣਾ, ਨਹੀਂ ਤਾਂ ਜੱਗ ਦੀ ਜਣਨੀ ਰੱਬ ਕੋਲੋਂ ਬਾਂਝ ਹੋਣ ਦੀਆਂ ਦੁਆਵਾਂ ਮੰਗੇਗੀ। ਜਨਮ ਲੈਣ ਤੋਂ ਵੀ ਡਰੇਗੀ। ਚੰਗਾ ਹੁਣ ਤਾਂ ਕਲਮ ਵੀ ਰੋਣ ਲੱਗ ਪਈ ਏ। ਤੁਹਾਡੇ ਹੱਥੋਂ ਉਜੜੀ, ਪੈਰਾਂ, ਤੋਂ ਉਖੜੀ, ਬਿਨਾਂ ਮਲਾਹ ਦੀ ਬੇੜੀ, ਹਲਾਤਾਂ ਹੱਥੋਂ ਘੋਰੀ, ਸੁੱਕੇ ਰੁੱਖਾਂ ਤੇ ਪਈ ਪੀਘ, ਨਾ ਪੂਰੀ ਹੋਈ ਰੀਝ। ਇੱਕ ਧੀ।

Minister Kenney Announces Appointments and Reappointment to the Immigration and Refugee Board of Canada

Eight appointments and one reappointment to the Immigration and Refugee Board of Canada (IRB) were announced today by Citizenship, Immigration and Multiculturalism Minister Jason Kenney.

"This government is committed to delivering on our promise to fill vacancies on the Board with qualified individuals as quickly as possible after vacancies arise," said Minister Kenney.

Christian Boissonneault, Tracey Ann Martineau, Karyn Lesley Pellatt-Caron, Marie-Jose Rivest and Diane E. Sokolyk were appointed for three-year terms in the Montreal regional office. Mary Loretta Dobbelsteyn was appointed for a three-year term in the Calgary regional office. Sukhbir (Barry) Dhillon and Colleen Zuk were appointed for three-year terms in the Vancouver regional office.

In the Montreal office, Paule Robitaille was reappointed for a one-year term.

These appointments and reappointment were made in accordance with the IRB's merit-based appointment process. Since October 2008, Minister Kenney has made 60 appointments and 23 reappointments to the IRB. With today's announcement, the IRB is at 98 % of its full complement.

Created in 1989, the IRB is an independent administrative tribunal that reports to Parliament through the Minister of Citizenship, Immigration and Multiculturalism. The Board has three divisions - the Refugee Protection Division, the Immigration Appeal Division and the Immigration Division. The IRB determines refugee protection claims made in Canada, hears immigration appeals, and conducts admissibility hearings and detention reviews.

B.C. STUDENTS RANK AMONG BEST IN NORTH AMERICA

Secondary students in British Columbia writing post-secondary level exams placed among the very best in North America according to the latest Advanced Placement (AP) exam results, Advanced Education and Labour Market Development Minister Moira Stilwell announced today.

"For the fifth year in a row, B.C. students outperformed the rest of Canada and the United States on these exams overall," said Stilwell. "More than 5,000 B.C. students wrote nearly 8,000 exams, demonstrating their overall excellence in a wide variety of subjects."

The Advanced Placement Program allows students to pursue post-secondary-level studies while still in secondary school. Highlights from the 2009 results include:

· B.C. students wrote more exams in a variety of different subjects – 34 of 37 subjects available – more than any other province or territory.

· Across Canada, 526 schools participated, including 145 B.C. schools.

· B.C.'s average score (3.67) was higher than Canada's average score (3.44) and higher than the United States' (2.88).

· In B.C., 81.3 per cent of students scored three out of five or higher on the exams.

"B.C.'s Advanced Placement results have once again exceeded our expectations," said George Ewonus, Advanced Placement director for Canada. "This year, B.C.'s AP results are better than any jurisdiction in the world; this is quite an accomplishment and shows B.C.'s education system is working to provide students with a high-quality education."

The Advanced Placement program is run by the College Board, a not-for-profit organization dedicated to excellence and equity that is composed of more than 5,700 schools, colleges, universities, and other educational organizations.

Boards of education are receiving $4.551 billion in 2009-10 to support student learning – an increase of $84 million over last year. Meanwhile, student enrolment has dropped by an estimated 4,000 students this year.

New, Faster, More Reliable!!
FINGERPRINT SERVICES
ਫਿੰਗਰਪ੍ਰਿੰਟ ਸੇਵਾਵਾਂ
First Group is a totally Mobile Fingerprint Service.
We offer the most convenient and effective fingerprint service anywhere in the Lower Mainland.
1st group
Ink & Roll Traditional Fingerprinting is available for the following purposes:
• Adoption
• Citizenship
• Employment
- Security Employee License
- Hiring New Employees
• Immigration
• Pardons
• U.S. Waivers
• Visas
• Volunteering
All other non-criminal purposes
WE DO PASSPORT PHOTOS
Group Discounts and Weekend Appointments Available.
Please call
604.870.4776
for an appointment or more information

ਫਰੇਜ਼ਰ ਵੈਲੀ ਹਿੰਦੂ ਕਲਚਰਲ ਸੁਸਾਇਟੀ ਐਬਟਸਫੋਰਡ
31545 ਵਾਮਸਲੀ ਸਟਰੀਟ, ਐਬਟਸਫੋਰਡ, ਬੀ.ਸੀ.
PROGRAMS
ਦਸੰਬਰ 23 ਬੁੱਧਵਾਰ ਨੂੰ
ਰੰਗਾ ਰੰਗ ਕਲਚਰਲ ਪ੍ਰੋਗਰਾਮ
ਐਬਟਸਫੋਰਡ ਬੈਂਕੁਟ ਹਾਲ ਵਿਖੇ ਸ਼ਾਮ 6 ਵਜੇ ਸ਼ੁਰੂ
ਟਿਕਟਾਂ ਲਈ 604 852 1369 ਤੇ ਸੰਪਰਕ ਕਰ ਸਕਦੇ ਹੋ ।
ਦਸੰਬਰ 31, ਵੀਰਵਾਰ ਅਖੰਡ ਰਮਾਇਣ 10:30 ਵਜੇ ਸਵੇਰੇ ਸ਼ੁਰੂ ਅਤੇ ਭੋਗ 1 ਜਨਵਰੀ 2010, ਸ਼ੁਕਰਵਾਰ 11:00 ਵਜੇ ਸਵੇਰੇ
ਦਸੰਬਰ 31 ਸਤਿਸੰਗ ਭਜਨ 9 ਵਜੇ ਰਾਤ ਤੋਂ 11 ਵਜੇ ਤੱਕ
SUNDAY ..... 10:30 AM-12:30 PM
SATSANG , GEETA PARVACHAN, AARTI & LANGAR
MONDAY ..... 6:30 PM-8:00 PM
SHIV CHALISA, SATSANG PARVACHAN, AAARTI, LANGAR.
TUESDAY ..... 6:30PM-8:30 PM
SATSANG, RAMAYAN, HANUMAAN CHALISA,AARTI, LANGAR
MANDIR OPENS EVERYDAY 8:00 AM TO 9:00PM
ਮੰਦਿਰ ਹਰ ਰੋਜ਼ ਸਵੇਰੇ 8 ਵਜੇ ਤੋਂ ਸ਼ਾਮ ਦੇ 9 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ ।
ਪ੍ਰੋਗਰਾਮ:
ਐਤਵਾਰ ਸਵੇਰੇ 10:30 ਤੋਂ ਦੁਪਿਹਰ 12:30 ਤੱਕ.....ਸਤਸੰਗ, ਗੀਤਾ ਪਰਵਚਨ, ਆਰਤੀ ਅਤੇ ਲੰਗਰ
ਸੋਮਵਾਰ ਸ਼ਾਮ 6:30 ਤੋਂ ਸ਼ਾਮ 8 ਵਜੇ ਤੱਕ .....ਸ਼ਿਵ ਚਾਲੀਸਾ, ਸਤਿਸੰਗ ਪ੍ਰਵਚਨ, ਆਰਤੀ ਅਤੇ ਲੰਗਰ
ਮੰਗਲਵਾਰ: ਸ਼ਾਮ 6:30 ਤੋਂ ਸ਼ਾਮ 8:30 ਵਜੇ ਤੱਕ ਸਤਸੰਗ, ਰਮਾਇਣ, ਹਨੂੰਮਾਨ ਚਾਲੀਸਾ, ਆਰਤੀ ਅਤੇ ਲੰਗਰ
ਹਰ ਐਤਵਾਰ 10:00 A.M. to 11:00 A.M. ਹਿੰਦੀ ਦੀਆਂ ਮੁੱਢਲਾ ਕਲਾਸਾਂ ਸ਼ੁਰੂ
ਹੋਰ ਜਾਣਕਾਰੀ

ਸਲੋਕ ਬਾਬਾ ਸ਼ੇਖ ਫਰੀਦ/Shalok Baba Sheikh Farid



ਪ੍ਰੋ: ਗੁਰਮੀਤ ਸਿੰਘ ਟਿਵਾਣਾ

ਫਰੀਦਾ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥ 37 ॥

Sugary are pleasures of this world mortal O, Farid !
Lustrous life's golden crop, carries poisoned weed.
Some bruised their lives, sowing the wicked seeds,
Others wasted their years, including in filth indeed.

ਪਦ-ਅਰਥ :- ਵਿਸੁ - ਜ਼ਹਿਰ । ਖੰਡੁ ਲਿਵਾੜਿ - ਖੰਡ ਨਾਲ ਲਬੇੜ ਕੇ । ਇਕਿ - ਕਈ ਜੀਵ । ਰਾਹੇਦੇ - ਬੀਜਦੇ । ਰਹਿ ਗਏ - ਮੁੱਕ ਗਏ । ਰਾਧੀ - ਬੀਜੀ ਹੋਈ । ਗਏ ਉਜਾੜਿ - ਉਜਾੜ ਕੇ ਚਲਦੇ ਹੋਏ ।

ਭਾਵ-ਅਰਥ :- ਐ ਫਰੀਦ ! ਦੁਨੀਆਂ ਦੇ ਇਹ ਪਦਾਰਥ ਜ਼ਹਿਰ ਦੇ ਭਰੇ ਹੋਏ ਹਨ ਪਰ ਸੁਆਦੀ ਐਨੇ ਹਨ ਜਿਵੇਂ ਖੰਡ ਨਾਲ ਓਤ-ਪੋਤ ਹੋਣ, ਵਿਸ਼ੇ-ਵਿਕਾਰਾਂ ਦੀ ਇਹ ਦੁਨੀਆਂ ਬੜੀ ਸੁਆਦਲੀ ਤੇ ਮਨਮੋਹਣੀ ਹੈ । ਕਈ ਦੁਨੀਆਂ ਦੇ ਅਜਿਹੇ ਐਸ਼ੋ-ਇਸ਼ਰਤ ਦੇ ਸਾਧਨਾਂ ਨੂੰ (ਆਪਣੀ ਔਲਾਦ ਲਈ) ਪੈਦਾ ਕਰਦੇ ਚਲੇ ਗਏ ਅਤੇ ਕਈ ਆਪਣੇ ਝੜੋਰਿਆਂ ਦੇ ਕਮਾਏ ਅਜਿਹੇ ਸਾਧਨਾਂ ਨੂੰ ਹੰਢਾਉਂਦੇ ਹੋਏ ਇੰਨ੍ਹਾਂ ਨੂੰ ਉਜਾੜ ਕੇ ਮੌਤ ਦੇ ਮੂੰਹ ਜਾ ਪਏ (ਪਰ ਇਸ ਦੁਨੀਆਂ ਦੇ ਐਸ਼ੋ-ਇਸ਼ਰਤ ਦੇ ਪਦਾਰਥਾਂ ਦਾ ਭੋਗਣਾ ਨਾ ਸਦੀਵੀ ਖੁਸ਼ੀ ਦਾ ਸਾਧਨ ਹੈ, ਨਾ ਹੀ ਇਸ ਨੇ ਅੰਤ ਸਮੇਂ ਸਹਾਈ ਹੋਣਾ ਹੈ ।) ਇੰਨ੍ਹਾਂ ਪਦਾਰਥਾਂ ਨੂੰ ਮਾਣਨਾ ਹੀ ਜੀਵਨ ਦਾ ਅੰਤਲਾ ਉਦੇਸ਼ ਸਮਝਣ ਵਾਲੇ ਰੱਬ ਦੇ ਰਾਹ ਤੋਂ ਅਸਲੋਂ ਹੀ ਖੁੱਥੇ ਹੋਏ ਹਨ ।

ਫਰੀਦਾ ਚਾਰਿ ਗਵਾਈਆ ਹੰਢਿ ਕੇ ਚਾਰਿ ਗਵਾਈਆ ਸੰਮਿ ॥
ਲੇਖਾ ਰਬੁ ਮੰਗੇਸੀਆ ਤੂੰ ਆਹੋਂ ਕੇਰੇ ਕੰਮਿ ॥ 38 ॥

Wasted your days, chasing pleasures around,
Vain were all the nights, of your sleep sound.
Knowest thee not, God will hold ye to account,
Thy deeds performed left Him totally astound.

ਪਦ-ਅਰਥ :- ਚਾਰਿ - ਚਾਰ ਪਹਿਰ । ਹੰਢਿ ਕੇ - ਫਿਰ ਕੇ । ਸੰਮਿ - ਸੌਂ ਕੇ । ਮੰਗੇਸੀਆ - ਮੰਗੇਗਾ । ਆਹੋਂ - ਆਇਆ ਸੈਂ । ਕੇਰਕੇ ਕੰਮਿ - ਕਿਸ ਕੰਮ ਲਈ ।

ਭਾਵ-ਅਰਥ :- ਫਰੀਦ ਜੀ ਪਿਛਲੇ ਸ਼ਲੋਕ ਵਾਂਗ ਕਹਿੰਦੇ ਹਨ ਕਿ ਇਸ ਦੁਨੀਆਂ ਦੇ ਮਨਮੋਹਣੇ ਪਦਾਰਥਾਂ ਦੀ ਪ੍ਰਾਪਤੀ ਲਈ ਤੂੰ ਦਿਨ ਭਰ ਦੌੜਦਾ ਫਿਰਦਾ ਹੈ ਤੇ ਰਾਤ ਸੌਂ ਕੇ ਗੁਜ਼ਾਰ ਰਿਹਾ ਹੈਂ । (ਜੀਵਨ ਦਾ ਅਸਲੋਂ ਕੀਮਤੀ ਸਮਾਂ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਤੇ ਉਨ੍ਹਾਂ ਨੂੰ ਹੰਢਾਉਣ ਵਿਚ ਹੀ ਗੁਜ਼ਾਰ ਦਿੱਤਾ।) ਜਿਸ ਕੰਮ (ਮਨੁੱਖ-ਮਾਤਰ ਦੀ ਸੇਵਾ ਤੇ ਜੀਵਨ ਦੀਆਂ ਉਸਾਰੂ ਕੀਮਤਾਂ ਦਾ ਸੰਸਾਰ ਸਿਰਜਣ ਲਈ) ਤੈਨੂੰ ਰੱਬ ਨੇ ਭੇਜਿਆ ਸੀ, ਉਹ ਕਿਆਮਤ ਦੇ ਦਿਨ ਤੈਥੋਂ ਉਸ ਦਾ ਹਿਸਾਬ ਮੰਗੇਗਾ । ਫਿਰ ਤੈਨੂੰ ਉਸ ਸਾਈਂ ਦੇ ਦਰਬਾਰ ਸ਼ਰਮਿੰਦਾ ਹੋਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹੇਗਾ । ਸੋ) ਲੇਖਾ ਰੱਬ ਮੰਗੇਸੀਆ ' ਦੀ ਘੜੀ ਨੂੰ ਮਨੋ ਨਾ ਵਿਸਾਰ ਅਤੇ ਰੱਬ ਦੇ ਦਰਸਾਏ ਰਾਹ ਉਤੇ ਆ ।

ਫਰੀਦਾ ਦਰਿ ਦਰਵਾਜੇ ਜਾਇ ਕੈ ਕਿਉ ਡਿਠੋ ਘੜੀਆਲ ॥
ਇਹੁ ਨਿਦੋਸਾ ਮਾਰੀਐ ਹਮ ਦੋਸਾ ਦਾ ਕਿਆ ਹਾਲ ॥ 39 ॥

A bell at Temple's door, a scene hard to tell,
Pounded the year round, gives a dreadful yell.
Ordained to suffer, without the slight offence,
For we the sinners, sure awaits the hated Hell.

ਪਦ-ਅਰਥ :- ਦਰਿ-ਦਰਵਾਜੇ ਉਤੇ । ਕਿਉ - ਇਉਂ, ਇਸ ਤਰ੍ਹਾਂ । ਨਿਦੋਸਾ _ ਨਿਰਦੋਸ਼ । ਹਮ ਦੋਸਾ - ਸਾਡੇ ਦੋਸ਼ ਭਰਿਆਂ ਦਾ ।

ਭਾਵ-ਅਰਥ :-ਐ ਫਰੀਦਾ ! ਤੂੰ ਕਦੇ ਕਿਸੇ ਘਰ ਦੇ ਦਰਵਾਜ਼ੇ (ਸ਼ਿਵ-ਦੁਆਰੇ) ਜਾ ਕੇ ਦੇਖਿਆ ਹੈ ਕਿ ਬਾਹਰੋਂ ਆਏ ਬੰਦੇ ਦੀ ਸੂਚਨਾ ਹੇਤੂ ਘੜਿਆਲ ਉਤੇ ਚੋਟ ਕਿਵੇਂ ਪੈਂਦੀ ਹੈ । ਉਹ ਹਰ ਸਮੇਂ ਝਿਨਾਂ ਕਸੂਰ ਹੀ ਕੁੱਟਿਆ ਜਾਂਦਾ ਹੈ, ਉਸ ਨੂੰ ਸੱਟਾਂ ਪੈਂਦੀਆਂ ਹਨ । ਪਰ ਅਸੀਂ ਜੋ ਦੋਸ਼ਾਂ ਤੇ ਗੁਨਾਹਾਂ ਦੇ ਭਰੇ ਫਿਰ ਰਹੇ ਹਾਂ, ਪ੍ਰਭੂ ਦੇ ਦਰਬਾਰ, ਹਿਸਾਬ ਦੀ ਘੜੀ ਸਾਡੇ ਨਾਲ਼ ਕੀ ਬੀਤੇਗੀ । ਐ ਮਨੁੱਖ ! ਕੀ ਤੂੰ ਕਦੇ ਇਸ ਪਾਸੇ ਜ਼ਰਾ ਧਿਆਨ ਦਿੱਤਾ ਹੈ, ਅਜੇ ਵੀ ਸਮਝ, ਮੌਕਾ ਹੈ, ਰੱਬ ਦੇ ਰਾਹ ਉਤੇ ਆ ।

ਘੜੀਐ ਘੜੀਐ ਮਾਰੀਐ ਪਹਰੀ ਲਹੈ ਸਜਾਇ ॥
ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥ 40 ॥

The bell is blasted hour after hour, time and again,
Lord Supreme knows the reasons, none can explain.
Similar is the fate, which awaits thy mortal frame,
Make not thy nights so awesome, from sin refrain.

ਪਦ-ਅਰਥ :- ਘੜੀਐ ਘੜੀਐ - ਹਰ ਘੜੀ , ਬਾਰ ਬਾਰ । ਪਹਰੀ - ਪਹਿਰਾਂ ਬੱਧੀ _ ਸਜਾਇ - ਸਜ਼ਾ, ਦੰਡ । ਹੇੜਾ -ਸਰੀਰ । ਜਿਉ - ਵਾਂਗ, ਦੀ ਤਰ੍ਹਾਂ । ਰੈਣਿ - ਜ਼ਿੰਦਗੀ ਰੂਪੀ ਰਾਤ । ਵਿਹਾਇ - ਗੁਜ਼ਰਦੀ ਹੈ, ਬੀਤਦੀ ਹੈ ।

ਭਾਵ-ਅਰਥ :- ਜੀਵਨ ਦੀਆਂ ਕੁੜੀਆਂ ਕੀਮਤਾਂ ਅਪਨਾਈ ਬੈਠੇ ਪ੍ਰਾਣੀ ਨੂੰ ਰੱਬ ਦੇ ਰਾਹ ਪਾਉਣ ਲਈ ਫਰੀਦ ਜੀ ਘੜਿਆਲ ਦੀ ਉਦਾਹਰਣ ਦੇ ਕੇ ਦਸਦੇ ਹਨ ਕਿ ਦੇਖੋ, ਘੜਿਆਲ਼ ਦਿਨ ਰਾਤ ਪਿਟਾਈ ਖਾਂਦਾ ਹੈ, ਸਜ਼ਾ ਭੁਗਤਦਾ ਹੈ । ਰੱਬ ਦੇ ਰਸਤੇ ਤੋਂ ਵਿਚਲਿਤ ਮਨੁੱਖ ਦੀ ਜਾਤੀ ਘੜਿਆਲ ਸਮਾਨ ਹੈ ਜਿਸ ਦੇ ਦਿਨ ਰਾਤ ਦੁੱਖਾਂ ਵਿਚ ਹੀ ਗੁਜ਼ਰਦੇ ਹਨ (ਉਸ ਨੂੰ ਹਰ ਸਮੇਂ ਮਾਰ ਪੈਂਦੀ ਹੈ ਤੇ ਕਦੀ ਵੀ ਚੈਨ ਨਸੀਬ ਨਹੀਂ ਹੁੰਦਾ ।)

ਬੁਢਾ ਹੋਆ ਸੇਖ ਫਰੀਦ ਕੰਬਣਿ ਲਗੀ ਦੇਹ ॥
ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ ॥ 41 ॥

Thy life's journey O'Farid! comes to an end,
Grown unstable thy frail body, none can mend.
Though thyself be given, a few centuries to live,
Devours thy withered frame, the death God-send.

ਪਦ-ਅਰਥ _ ਦੇਹ - ਸਰੀਰ । ਹੋਸੀ - ਹੋ ਜਾਵੇਗੀ । ਖੇਹ - ਮਿੱਟੀ ।

ਭਾਵ-ਅਰਥ :- ਇਥੇ ਬੁਢਾਪੇ ਸਮੇਂ ਮਨੁੱਖੀ ਸਰੀਰ ਦੀ ਸ਼ਕਤੀ-ਹੀਣਤਾ ਦਾ ਪ੍ਰਤੱਖ ਚਿੱਤਰ ਪੇਸ਼ ਕਰਦੇ ਹੋਏ, ਹਰ ਸ਼ਲੋਕ ਵਾਂਗ ਆਪਣੇ ਆਪ ਨੂੰ ਮਨੁੱਖ-ਮਾਤਰ ਦੇ ਇਕ ਪ੍ਰਤੀਨਿਧ ਪਾਤਰ ਵਜੋਂ ਪੇਸ਼ ਕਰਦੇ ਹੋਏ ਕਹਿੰਦੇ ਹਨ ਕਿ ਦੇਖੋ ! ਉਮਰ ਦੇ ਬੀਤਣ ਨਾਲ਼ ਫਰੀਦ ਐਨਾ ਨਿਰਬਲ ਤੇ ਨਿਤਾਣਾ ਹੋ ਗਿਆ ਹੈ ਕਿ ਸਰੀਰ ਕਮਜ਼ੋਰੀ ਸਦਕਾ ਕੰਬਦਾ ਹੈ । ਜੇ ਕਿਸੇ ਨੇ ਸੌ ਵਰ੍ਹੇ ਵੀ ਜਿਉਣਾ ਹੈ ਤਾਂ ਵੀ ਅੰਤ ਨੂੰ ਉਸ ਨੇ ਮੌਤ ਦੇ ਮੂੰਹ ਹੀ ਪੈਣਾ ਹੈ । ਇਥੇ ਬੁਢਾਪੇ ਦੀ ਬੇਚਾਰਗੀ ਤੇ ਆ ਰਹੀ ਮੌਤ ਦੇ ਚਿੱਤਰ ਨੂੰ ਪ੍ਰਤੱਖ ਕਰਦੇ ਹੋਏ ਬੰਦੇ ਨੂੰ ਨੇਕੀ ਵੱਲ ਪ੍ਰੇਰਿਤ ਕਰਦੇ ਹੋਏ ਜੀਵਨ ਦਾ ਕੀਮਤੀ ਸਮਾਂ ਵਿਅਰਥ ਗੰਵਾਉਣ ਤੋਂ ਹੋੜਦੇ ਹਨ ।

ਆਲਮ ਵਾਲੇ ਜੱਟ ਸੁਨਿਆਰੇ ਦੀ ਮਸ਼ਹੂਰ ਦੁਕਾਨ ਐਬਟਸਫੋਰਡ ਅਤੇ ਸਰੀ ਵਿੱਚ
GURU NANAK JEWELLERS Ltd.
50% OFF 10k & 14k DIAMOND JEWELLERY
40% OFF Seiko & Citizen Watches
ABBOTSFORD LOCATION
#106-32883,
South Fraser Way
Open 7 Days
2 Locations
Ph. 604-864-6066
604-853-5259
* The Perfect Place to Buy loved Ones Local Made & Imported Jewellery
* We Do Repairs On all Types of Jewellery
* Diamond Rings Priced To Sell !!
We have :
22k Jewellery of Necklaces, Bangles, Earrings, Pendent Sets,Bracelets, Rings for Mens and Women
We also carry Silver Neckaces Brought Straight from Italy
ਗੁਰੂ ਨਾਨਕ ਜਿਊਲਰਜ਼ ਲਿਮ:

2 Locations
Surrey Location
#102-8383-128 St. Surrey, B.C.
Ph. 778-218-7533
778-552-8659
Surrey Open 6 days
Tuesday Closed

ਵਿਸ਼ੇਸ਼ਤਾ ਅਤੇ ਮਾਹਰਤਾ
➡ ਤੁਹਾਡੀ ਲੋੜ ਅਤੇ ਪਸੰਦ ਮੁਤਾਬਕ ਗਹਿਣੇ ।
➡ 5 ਮਿੰਟਾਂ ਵਿੱਚ ਹਰ ਤਰ੍ਹਾਂ ਦੇ ਗਹਿਣਿਆਂ ਦੀ ਮੁਰੰਮਤ ।
➡ ਹਰ ਤਰ੍ਹਾਂ ਦੇ ਇਪੋਰਟਡ ਗਹਿਣਿਆਂ ਦੇ ਸਪੇਸ਼ਲ ਕੀਮਤਾਂ ।
➡ ਹਰ ਤਰ੍ਹਾਂ ਦੀਆਂ ਘੜੀਆਂ ਦੀ ਮੁਰੰਮਤ ।
➡ ਇਟਲੀ ਤੋਂ ਸਿੱਧੇ ਚਾਂਦੀ ਦੇ ਸ਼ਾਨਦਾਰ ਗਹਿਣੇ ਪਹੁੰਚ ਚੁੱਕੇ ਹਨ ।
➡ ਸੀਕੋ ਅਤੇ ਸਿਟੀਜ਼ਨ ਦੀਆਂ ਘੜੀਆਂ ਤੇ 40% ਦੀ ਛੋਟ ।

CHALLENGES REMAIN AS B.C. ECONOMY BEGINS TO STABILIZE

Although B.C.'s economy is beginning to show signs of improvement, the global economic downturn continues to have a negative impact and British Columbia continues to face fiscal challenges, Finance Minister Colin Hansen announced today with the release of the Province's Second Quarterly Report.

"Several of British Columbia's major economic indicators are beginning to stabilize following the sharp global economic downturn," said Hansen. "However, the Province's economic recovery remains subject to a number of significant risks. Within this challenging environment, government will continue to protect vital services while we implement economic stimulus and infrastructure programs and ensure that B.C.'s fiscal plan remains on target."

Between July and September, major economic indicators such as housing starts, retail sales, employment, manufacturing shipments, exports and non-residential building permits have begun to stabilize compared to late-2008 and early-2009.

Total revenue is projected to be $37.4 billion in 2009-10, a decrease of $232 million compared to the September Budget Update. The decline in total revenue is offset by $107 million in lower spending and a $125-million reduction in the forecast allowance. Total expense is projected to be $40 billion. B.C.'s projected deficit is unchanged from the September Budget Update and remains at $2.8 billion for 2009-10.

The B.C. government remains committed to its economic stimulus and infrastructure programs. Since the September Budget Update, an additional $1 billion in new accelerated infrastructure projects has been approved, bringing the total commitment to $4.4 billion. To date, British Columbia has negotiated $811 million in funding from the federal government for accelerated infrastructure projects. Additional cost-sharing agreements are expected to be finalized in the coming months.

The Province's taxpayer-supported debt-to-GDP ratio, a key measure of fiscal sustainability, is projected to be 16.1 per cent by the end of 2009-10, slightly lower than the 16.2 per cent forecast in the September Budget Update. As recently announced, the Province continues to maintain its Triple-A credit rating.

Private-sector forecasters now estimate that B.C.'s annual real GDP will contract by 2.3 per cent in 2009, and then grow by 2.8 per cent in 2010 — the highest in Canada. However, the Ministry of Finance's September Budget Update economic forecast continues to be more prudent than the private sector's, with B.C.'s real GDP forecast to decline by 2.9 per cent in 2009 and then grow by 1.9 per cent in 2010.

In preparation for Budget 2010, the Minister of Finance will meet with members of the independent Economic Forecast Council in early December to obtain their views on the economic outlook. A revised five-year economic forecast will then be developed for Budget 2010.

GREEN ENERGY ADVISORY TASK FORCE SEEKS INPUT

B.C.'s Green Energy Advisory Task Force has launched a website that invites British Columbians to submit their ideas and input on the future of clean and renewable energy in B.C.

Following its first meetings, on Nov.27 and 28, the advisory task force has launched the website:

www.greenenergyadvisorytaskforce.ca.

The website asks British Columbians to submit their ideas and input on the following subjects: clean energy procurement and regulatory reform; carbon pricing, trading and clean energy export market development; community engagement and First Nations partnerships; and clean energy resource development.

Submissions can be made via an email form until Dec. 31, 2009. The ideas and input submitted through the website will help inform the recommendations the task force makes to government in January 2010.

The Green Energy Advisory Task Force is dedicated to ensuring B.C. remains a leader in clean and renewable energy. The advisory task force is composed of four advisory task force groups, reporting directly to the Cabinet Committee on Climate Action and Clean Energy.

SAXBEE INSURANCE AGENCIES LTD.

Gurpiar S. Romana
Pgr: 604 607-8300
Res: 604 854-1628
Rippy Sekhon
Pgr: 604 556-2981
Paramjit Singh Gill
Cell: 604 854-0909
Res: 604 820-8868
201 - 32641 South Fraser Way, Abbotsford, B.C. V2T 1X9
■ Pro-rate & Cargo
■ Quality Coverage
■ Monthly Payment Plans
■ New Home Discount
■ Farms
■ Home Owners
■ Tenants
■ Mature Discounts Available
Call Us For All Your Insurance Needs!
ਆਪਣੀਆਂ ਬੀਮੇ ਸਬੰਧੀ ਸਭ ਲੋੜਾਂ ਲਈ ਸਾਨੂੰ ਫੋਨ ਕਰੋ:-
Toll Free: 857-1373
Abbotsford: 853-5951
Open 7 Days per Week
Autoplan
Auto Insurance
Construction Ins.
Business Ins.
Autoplan 12

Quick Service Auto Towing
ਕੁਇੱਕ ਸਰਵਿਸ ਆਟੋ ਟੋਇੰਗ

Kulwant
Virk


ਐਬਟਸਫੋਰਡ
Abbotsford
• Emergency Road Service
• Battery Boost & Unlocking
• Fully Insured
• Local, Long Distance Towing
• Free Scrap Car Pick-up
• Propane and Gas Delivery
• Tire Changes
• ਐਕਸੀਡੈਂਟ ਟੋਅ
• ਐਮਰਜੈਂਸੀ ਰੋਡ ਸਰਵਿਸ
• ਬੈਟਰੀ ਬੂਸਟ ਅਤੇ ਲੌਕ ਖੋਲਣੇ
• ਲੋਕਲ ਅਤੇ ਦੂਰ ਦੀ ਟੋਇੰਗ
• ਪੁਰਾਣੀਆਂ ਕਾਰਾਂ ਮੁਫਤ ਲੈਕੇ ਜਾਂਦੇ ਹਾਂ
• ਪਰੋਪੇਨ ਅਤੇ ਗੈਸ ਡਲਿਵਿਰੀ
• ਟਾਇਰ (ਫਲੈਟ ਟਾਇਰ) ਬਦਲਨੇ
For all your Towing Needs Call this Number First!
778-552-3008

ਸਮਾਚਾਰ ਤੇ ਵਿਚਾਰ

ਐਸ.ਜੀ.ਪੀ.ਸੀ. ਪ੍ਰਧਾਨ ਦੀ ਚੋਣ ਜਮਹੂਰੀ ਅਮਲ ਅਪਣਾਉਣਾ ਇਕ ਸ਼ਲਾਘਾਯੋਗ ਕਦਮ

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਇਕ ਮਹੱਤਵਪੂਰਨ ਸਿਆਸੀ ਪਾਰਟੀ ਹੈ। ਪੰਜਾਬੀ ਸੂਬਾ ਬਣਨ ਤੋਂ ਬਾਦ ਇਹ ਕਈ ਵਾਰ ਸੱਤਾ 'ਚ ਆ ਚੁੱਕੀ ਹੈ ਤੇ ਹੁਣ ਪੌਣੇ ਤਿੰਨ ਸਾਲ ਤੋਂ ਰਾਜ ਪ੍ਰਸ਼ਾਸਨ ਦੀ ਵਾਗਡੋਰ ਏਸੇ ਨੇ ਸੰਭਾਲੀ ਹੋਈ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਅਕਾਲੀ ਦਲ ਜਮਹੂਰੀ ਢੰਗ ਨਾਲ ਚੋਣਾਂ ਜਿੱਤ ਕੇ ਹੀ ਸੱਤਾ 'ਚ ਆਇਆ ਹੈ। ਪਰ ਇਹ ਤੱਥ ਵੀ ਕਿਸੇ ਤੋਂ ਛੁਪਿਆ ਨਹੀਂ ਕਿ ਅਕਾਲੀ ਦਲ ਨੇ ਅਜੇ ਤੱਕ ਆਪਣੇ ਪਾਰਟੀ ਅੰਦਰਲੇ ਮਸਲਿਆਂ ਨੂੰ ਜਮਹੂਰੀ ਢੰਗ ਨਾਲ ਨਜਿੱਠਣਾ ਸ਼ੁਰੂ ਨਹੀਂ ਸੀ ਕੀਤਾ। ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦਾ ਆਪਣੇ ਸੰਗਠਨ ਨੂੰ ਚਲਾਉਣ ਦਾ ਆਪਣਾ ਨਿੱਜੀ ਮਾਮਲਾ ਹੈ ਪਰ ਜਦੋਂ ਕੋਈ ਸਿਆਸੀ ਪਾਰਟੀ ਸਮਾਜ 'ਚ ਸਰਕਾਰ ਚਲਾਉਣ ਵਰਗਾ ਮਹੱਤਵਪੂਰਨ ਕਾਰਜ ਨਿਭਾ ਰਹੀ ਹੋਵੇ ਤਾਂ ਉਸ ਦੀ ਕਾਰਜਸ਼ੈਲੀ ਦਾ ਪ੍ਰਭਾਵ ਨਿਜੀ ਨਾ ਰਹਿ ਕੇ ਜਨਤਕ ਬਣ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਜਨਤਾ ਹਰ ਸਿਆਸੀ ਪਾਰਟੀ ਤੋਂ ਜਮਹੂਰੀ ਅਮਲ ਦੀ ਆਸ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ 'ਚ ਇਹ ਆਮ ਵੇਖਿਆ ਗਿਆ ਹੈ ਕਿ ਇਸ ਦੇ ਬਹੁਤੇ ਅਹੁਦੇਦਾਰ ਜਮਹੂਰੀ ਢੰਗ ਨਾਲ ਨਹੀਂ ਚੁਣੇ ਜਾਂਦੇ ਰਹੇ ਸਗੋਂ ਪਾਰਟੀ ਸੁਪਰੀਮੋ ਸ: ਪਰਕਾਸ਼ ਸਿੰਘ ਬਾਦਲ ਜਾਂ ਉਨ੍ਹਾਂ ਦੇ ਬੇਟੇ ਸ: ਸੁਖਬੀਰ ਸਿੰਘ ਬਾਦਲ ਦੁਆਰਾ ਨਾਮਜ਼ਦ ਕੀਤੇ ਜਾਂਦੇ ਸਨ। ਹੋ ਸਕਦਾ ਹੈ ਕਿ ਕੁਝ ਹੋਰ ਪਾਰਟੀਆਂ 'ਚ ਵੀ ਅੰਦਰੂਨੀ ਜਮਹੂਰੀਅਤ ਮੌਜੂਦ ਨਾ ਹੋਵੇ, ਪਰ ਜੇਕਰ ਇਹ ਸਿਆਸੀ ਪਾਰਟੀਆਂ ਇਕ ਜਮਹੂਰੀ ਨਿਜ਼ਾਮ 'ਚ ਕੰਮ ਕਰਦੀਆਂ ਹਨ ਤਾਂ ਇਨ੍ਹਾਂ ਨੂੰ ਪਾਰਟੀ ਦੇ ਅੰਦਰ ਵੀ ਜਮਹੂਰੀ ਰਵਾਇਤਾਂ ਨੂੰ ਬਣਾ ਕੇ ਰੱਖਣਾ ਚਾਹੀਦਾ ਹੈ ਤਾਂ ਜੋ ਪਾਰਟੀ 'ਚ ਤਾਨਾਸ਼ਾਹੀ ਰੁਝਾਨ ਨਾ ਵਧੇ।

ਹੁਣ ਤੱਕ ਸ਼੍ਰੋਮਣੀ ਅਕਾਲੀ ਦਲ 'ਚ ਬਹੁਤੇ ਅਹੁਦਿਆਂ ਲਈ ਸ: ਬਾਦਲ ਦੀ ਪਰਚੀ ਜਾਂ ਲਿਫਾਫਾ ਹੀ ਪ੍ਰਮੁੱਖ ਰੋਲ ਅਦਾ ਕਰਦਾ ਰਿਹਾ ਹੈ। ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਹੁੰਦੀ ਸੀ ਤਾਂ ਲਿਫਾਫੇ ਦਾ ਅਧਿਕਾਰ ਸ: ਪਰਕਾਸ਼ ਸਿੰਘ ਬਾਦਲ ਕੋਲ ਹੁੰਦਾ ਸੀ। ਕੁਝ ਅਹੁਦਿਆਂ ਲਈ ਵੱਡੇ ਬਾਦਲ ਹੁਣ ਛੋਟੇ ਬਾਦਲ ਨੂੰ ਨਾਮਜ਼ਦਗੀ ਦੇ ਅਧਿਕਾਰ ਦੇ ਰਹੇ ਹਨ ਜਿਸ ਤੋਂ ਲਗਦਾ ਹੈ ਕਿ ਬਾਦਲ ਸਾਹਿਬ ਉਸ ਨੂੰ ਸੱਤਾ ਦੀ ਵਾਗਡੋਰ ਸੰਭਾਲਣ ਲਈ ਤਿਆਰ ਕਰ ਰਹੇ ਹਨ। ਪਹਿਲਾਂ ਹੀ ਉਨ੍ਹਾਂ ਨੇ ਛੋਟੇ ਬਾਦਲ ਨੂੰ ਅਕਾਲੀ ਦਲ ਦਾ ਪ੍ਰਧਾਨ ਤੇ ਉਪ ਮੁੱਖ ਮੰਤਰੀ ਬਣਾ ਦਿੱਤਾ ਹੈ। ਸੀਨੀਅਰ ਬਾਦਲ ਅਹੁਦੇਦਾਰਾਂ ਨੂੰ ਇਕ ਡਿਕਟੇਟਰ ਦੀ ਤਰ੍ਹਾਂ ਹੀ ਨਾਮਜ਼ਦ ਕਰਦੇ ਰਹੇ ਹਨ ਤੇ ਹੁਣ ਜਾਪਦਾ ਸੀ ਕਿ ਜੂਨੀਅਰ ਬਾਦਲ ਵੀ ਇਹ ਕਲਚਰ ਹੀ ਅਪਨਾਉਣਗੇ।

ਸਿਆਸੀ ਪਾਰਟੀਆਂ 'ਚ ਜਮਹੂਰੀਅਤ ਦੀ ਘਾਟ ਦੇਸ਼ ਦੇ ਸਾਰੇ ਸਿਆਸੀ ਮਾਹੌਲ ਲਈ ਹਾਨੀਕਾਰਕ ਹੈ। ਭਾਰਤ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਕਾਂਗਰਸ ਵੀ ਕੁਝ ਹੱਦ ਤੱਕ ਗੈਰਜਮਹੂਰੀ ਮਾਨਸਿਕਤਾ ਦੀ ਸ਼ਿਕਾਰ ਹੈ। ਭਾਵੇਂ ਕਾਂਗਰਸ 'ਚ ਕੇਂਦਰੀ ਪੱਧਰ 'ਤੇ ਸਲਾਹਕਾਰਾਂ ਦਾ ਇਕ ਗਰੁੱਪ ਮੌਜੂਦ ਹੈ ਪਰ ਅੰਤਮ ਫੈਸਲਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਹੀ ਕਰਦੀ ਹੈ। ਕੋਈ ਸਮਾਂ ਸੀ ਜਦੋਂ ਕਾਂਗਰਸ 'ਚ ਅੰਦਰੂਨੀ ਜਮਹੂਰੀਅਤ ਪੂਰੀ ਗੰਭੀਰਤਾ ਨਾਲ ਬਰਕਰਾਰ ਰੱਖੀ ਜਾਂਦੀ ਸੀ। ਫੇਰ ਸ੍ਰੀਮਤੀ ਇੰਦਰਾ ਗਾਂਧੀ ਦੇ ਸਮੇਂ ਤੋਂ ਕਾਂਗਰਸ 'ਚ ਪਾਰਟੀ ਅੰਦਰਲੀ ਜਮਹੂਰੀਅਤ ਗਾਇਬ ਹੋ ਗਈ। ਸ੍ਰੀਮਤੀ ਗਾਂਧੀ ਪਾਰਟੀ ਦੀ ਡਿਕਟੇਟਰ ਹੀ ਬਣ ਗਈ ਤੇ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਣ ਕਰਕੇ ਉਹ ਦੇਸ਼ ਨੂੰ ਵੀ ਤਾਨਾਸ਼ਾਹਾਂ ਵਾਂਗ ਚਲਾਉਣ ਲੱਗੀ। ਇਸ 'ਚ ਕੋਈ ਸ਼ੱਕ ਨਹੀਂ ਕਿ ਉਹ ਚੋਣਾਂ ਜਿੱਤ ਕੇ ਸੱਤਾ 'ਚ ਆਉਂਦੀ ਰਹੀ ਪਰ ਇਸ ਤੋਂ ਮਗਰੋਂ ਉਸ ਦਾ ਇਕ ਤਾਨਾਸ਼ਾਹ ਦੀ ਤਰ੍ਹਾਂ ਰਾਜ ਕਰਨਾ ਇਕ ਨਕਾਰਾਤਮਕ ਵਰਤਾਰਾ ਹੀ ਸੀ ਜਿਸ ਦਾ ਕੁਦਰਤੀ ਨਤੀਜਾ ਐਮਰਜੰਸੀ ਨਿਕਲਿਆ।

ਸ਼੍ਰੋਮਣੀ ਅਕਾਲੀ ਦਲ ਦੀਆਂ ਬਹੁਤ ਪੁਰਾਣੀਆਂ ਜਮਹੂਰੀ ਰਵਾਇਤਾਂ ਦੇ ਹੁੰਦੇ ਹੋਏ ਵੀ ਪਿਛਲੇ ਕੁਝ ਸਮੇਂ ਤੋਂ ਬਾਦਲ ਪਰਿਵਾਰ ਇਸ ਪਾਰਟੀ 'ਤੇ ਪੂਰੀ ਤਰ੍ਹਾਂ ਭਾਰੂ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਭ ਸਿੱਖਾਂ ਦੀ ਸਾਂਝੀ ਸੰਸਥਾ ਹੈ। ਇਸ ਦੇ ਮੈਂਬਰਾਂ ਦੀ ਚੋਣ ਜਮਹੂਰੀ ਢੰਗ ਨਾਲ ਵੋਟਰ ਕਰਦੇ ਹਨ। ਪਰ ਜਦੋਂ ਕਮੇਟੀ ਦਾ ਪ੍ਰਧਾਨ ਤੇ ਕਾਰਜਕਾਰਣੀ ਦੇ ਮੈਂਬਰ ਚੁਣਨੇ ਹੁੰਦੇ ਸਨ ਤਾਂ ਬਹੁਗਿਣਤੀ ਦਲ ਜਮਹੂਰੀ ਵਰਤਾਰੇ ਨੂੰ ਤਿਲਾਂਜਲੀ ਦੇ ਕੇ ਲਿਫਾਫਾ ਕਲਚਰ ਲਾਗੂ ਕਰ ਦਿੰਦਾ ਸੀ। ਇਸ ਤਰ੍ਹਾਂ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਇਕ ਪਰਿਵਾਰ ਦੁਆਰਾ ਨਾਮਜ਼ਦ ਕੀਤੇ ਅਹੁਦੇਦਾਰ ਹੀ ਤਾਇਨਾਤ ਹੋ ਜਾਂਦੇ ਸਨ। ਇਹ ਸਿੱਖ ਸੰਗਤ ਦੇ ਜਮਹੂਰੀ ਦਸਤੂਰ ਤੋਂ ਬਿਲਕੁਲ ਉਲਟ ਵਰਤਾਰਾ ਸੀ। ਅਜਿਹੇ ਰੁਝਾਨ ਤੋਂ ਇਕ ਜਗੀਰਦਾਰੀ ਮਾਨਸਿਕਤਾ ਦੀ ਝਲਕ ਵੀ ਮਿਲਦੀ ਹੈ। ਜੇਕਰ ਸ਼੍ਰੋਮਣੀ ਅਕਾਲੀ ਦਲ ਆਪਣੇ ਆਪ ਨੂੰ ਇਕ ਅਜੋਕੀ ਪ੍ਰਗਤੀਵਾਦੀ ਪਾਰਟੀ ਸਮਝਦਾ ਹੈ ਤਾਂ ਉਸ ਲਈ ਜ਼ਰੂਰੀ ਹੋ ਗਿਆ ਸੀ ਕਿ ਉਹ ਸਿੱਖ ਸੰਗਤ ਦੀਆਂ ਜਮਹੂਰੀ ਰਵਾਇਤਾਂ ਨੂੰ ਅਪਣਾ ਕੇ ਅੱਗੇ ਵਧੇ। ਬੀਤੇ ਥੁੱਧਵਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਜਮਹੂਰੀ ਢੰਗ ਨਾਲ ਚੋਣ ਦੀ ਕੋਈ ਵੀ ਮਜਬੂਰੀ ਹੋਵੇ ਫੇਰ ਵੀ ਇਹ ਇਕ ਸ਼ਲਾਘਾਯੋਗ ਅਮਲ ਹੈ ਜਿਸ ਦਾ ਸੁਆਗਤ ਕਰਨਾ ਬਣਦਾ ਹੈ। ਅਸਲ 'ਚ ਹੁਣ ਸਮਾਂ ਆ ਗਿਆ ਸੀ ਕਿ ਅਕਾਲੀ ਦਲ ਪਰਚੀਆਂ ਤੇ ਲਿਫਾਫਿਆਂ 'ਚੋਂ ਨੇਤਾ ਕੱਢਣੇ ਬੰਦ ਕਰਕੇ ਜਮਹੂਰੀ ਪਰਕਿਰਿਆ ਰਾਹੀਂ ਆਪਣੇ ਅਹੁਦੇਦਾਰ ਚੁਣੇ ਤੇ ਆਪਣੇ ਆਪ ਨੂੰ ਇੱਕੀਵੀਂ ਸਦੀ ਦੀ ਇਕ ਮਾਡਰਨ ਸਿਆਸੀ ਪਾਰਟੀ ਦੇ ਤੌਰ 'ਤੇ ਪੇਸ਼ ਕਰੇ।

ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਪਲੀਤੀਕਰਨ ਸਰਕਾਰ ਨੂੰ ਫੌਰੀ ਕਦਮ ਚੁੱਕਣ ਦੀ ਲੋੜ

ਬਰਤਾਨੀਆ ਦੀ ਇਕ ਯੂਨੀਵਰਸਿਟੀ ਦੀ ਗਰੀਨਪੀਸ ਖੋਜ ਲੈਬਾਰਟਰੀ ਦੀ ਵਿਗਿਆਨੀ ਡਾ. ਡੇਈਸ ਟਿਰੇਡੋ ਨੇ ਮਾਲਵਾ ਖੇਤਰ ਦੇ ਵੀਹ ਪਿੰਡਾਂ 'ਚੋਂ ਪਾਣੀ ਦੇ 50 ਸੈਂਪਲ ਲੈ ਕੇ ਉਨ੍ਹਾਂ ਦੀ ਵਿਗਿਆਨਕ ਜਾਂਚ ਕੀਤੀ ਹੈ, ਜਿਸ ਨੇ ਸਾਬਤ ਕੀਤਾ ਹੈ ਕਿ ਇਸ ਇਲਾਕੇ ਦੇ ਪਾਣੀ 'ਚ ਨਾਈਟਰੇਟ ਦੀ ਵਧੇਰੇ ਮਾਤਰਾ ਹੈ। ਵਿਸ਼ਵ ਸਿਹਤ ਸੰਸਥਾ ਵੱਲੋਂ ਪਾਣੀ 'ਚ ਨਾਈਟਰੇਟ ਦੀ ਸੁਰੱਖਿਅਤ ਪੱਧਰ ਦੀ ਜੋ ਸੀਮਾ ਮਿੱਥੀ ਗਈ ਹੈ ਉਸ ਤੋਂ ਇਸ ਤੱਤ ਦੀ ਮਾਲਵੇ ਦੀ ਪਾਣੀ 'ਚ ਬਹੁਤ ਜ਼ਿਆਦਾ ਮਾਤਰਾ ਹੈ। ਧਰਤੀ ਹੇਠਲੇ ਪਾਣੀ 'ਚ ਸਿਰਫ਼ ਇਹ ਖ਼ਤਰਨਾਕ ਤੱਤ ਸੁਰੱਖਿਅਤ ਸੀਮਾ ਤੋਂ ਵੱਧ ਹੀ ਨਹੀਂ ਬਲਕਿ ਹੋਰ ਵੀ ਬਹੁਤ ਸਾਰੇ ਖ਼ਤਰਨਾਕ ਤੱਤਾਂ ਦੀ ਮਾਤਰਾ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਹੈ। ਪਹਿਲਾਂ ਕੀਤੇ ਸਰਵੇਖਣਾਂ 'ਚ ਆਰਸੈਨਿਕ ਤੇ ਯੂਰੇਨੀਅਮ ਜਿਹੇ ਤੱਤ ਇਸ ਪਾਣੀ 'ਚ ਖ਼ਤਰਨਾਕ ਮਾਤਰਾ 'ਚ ਪਾਏ ਗਏ ਹਨ। ਪਾਣੀ 'ਚ ਇਨ੍ਹਾਂ ਤੱਤਾਂ ਦੀ ਬਹੁਤਾਤ ਦਾ ਸਭ ਤੋਂ ਵੱਡਾ ਕਾਰਨ ਖੇਤੀ 'ਚ ਵਰਤੇ ਜਾਂਦੇ ਰਸਾਇਣ ਹਨ। ਰਸਾਇਣਿਕ ਖਾਦ, ਕੀਟਨਾਸ਼ਕ ਤੇ ਨਦੀਨਨਾਸ਼ਕ ਸਭ ਕਿਸਮ ਦੇ ਕੈਮੀਕਲ ਧਰਤੀ 'ਚ ਪ੍ਰਦੂਸ਼ਣ ਵਧਾਉਣ ਦਾ ਕਾਰਨ ਬਣਦੇ ਹਨ। ਜਿਹੜੇ ਇਲਾਕੇ ਲੋੜ ਨਾਲੋਂ ਵਧੇਰੇ ਕੈਮੀਕਲ ਵਰਤਦੇ ਹਨ ਉਥੋਂ ਦੀ ਸਿਰਫ਼ ਹਵਾ 'ਤੇ ਮਿੱਟੀ ਹੀ ਪਲੀਤ ਨਹੀਂ ਹੁੰਦੀ ਸਗੋਂ ਉਥੇ ਦਾ ਪਾਣੀ ਸਭ ਤੋਂ ਵੱਧ ਪਲੀਤ ਹੁੰਦਾ ਹੈ। ਪਾਣੀ ਦੇ ਪਲੀਤੀਕਰਨ ਨਾਲ ਆਮ ਲੋਕਾਂ ਦੀ ਸਿਹਤ 'ਤੇ ਬਹੁਤ ਬੁਰਾ ਪ੍ਰਭਾਵ ਤਾਂ ਪੈਂਦਾ ਹੀ ਹੈ ਇਸ ਦੇ ਨਾਲ ਉਥੋਂ ਦੇ ਜਾਨਵਰਾਂ 'ਤੇ ਵੀ ਇਸ ਦਾ ਦੁਰਪ੍ਰਭਾਵ ਪੈਂਦਾ ਹੈ। ਜਦੋਂ ਦੁਧਾਰੂ ਪਸ਼ੂ ਇਹ ਪਾਣੀ ਪੀਂਦੇ ਹਨ ਤਾਂ ਉਨ੍ਹਾਂ ਦੇ ਦੁੱਧ 'ਚ ਵੀ ਇਸ ਦਾ ਅਸਰ ਆ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਇਸ ਪਲੀਤੀਕਰਨ ਦਾ ਪ੍ਰਭਾਵ ਬੱਚਿਆਂ 'ਤੇ ਬਹੁਤ ਪੈ ਰਿਹਾ ਹੈ। ਨਾਈਟਰੇਟ ਵਰਗੇ ਕੈਮੀਕਲਾਂ ਦੀ ਪਾਣੀ 'ਚ ਬਹੁਤਾਤ ਕਾਰਨ ਅਪੰਗ ਬੱਚਿਆਂ ਦੀ ਜਨਮ ਦਰ ਵਧ ਗਈ ਹੈ। ਇਸ ਤੋਂ ਬ੍ਰਿਨਾਂ ਲੋਕਾਂ 'ਚ ਜੋੜਾਂ ਦਾ ਦਰਦ, ਉਚਾ ਬਲੱਡ ਪ੍ਰੈਸ਼ਰ ਤੇ ਕੈਂਸਰ ਜਿਹੀਆਂ ਬਿਮਾਰੀਆਂ ਆਮ ਪਾਈਆਂ ਜਾ ਰਹੀਆਂ ਹਨ। ਪਾਣੀ 'ਚ ਪਾਏ ਜਾਣ ਵਾਲੇ ਖ਼ਤਰਨਾਕ ਕੈਮੀਕਲ ਗਰਭਵਤੀ ਔਰਤਾਂ ਲਈ ਬਹੁਤ ਹੀ ਨੁਕਸਾਨਦੇਹ ਹਨ।

ਪਿੰਛੇ ਜਿਹੇ ਚੰਗੀਗੜ੍ਹ ਦੀ ਸਿਰਮੌਰ ਮੈਡੀਕਲ ਸੰਸਥਾ ਪੀ. ਜੀ. ਆਈ. ਦੇ ਵਿਗਿਆਨੀਆਂ ਨੇ ਵੀ ਮਾਲਵਾ ਪੱਟੀ ਦੇ ਪਾਣੀ 'ਚ ਭਾਰੀ ਵਿਗਾੜ ਦੀ ਪੁਸ਼ਟੀ ਕੀਤੀ ਸੀ। ਕਿਸਾਨਾਂ ਵੱਲੋਂ ਕੈਮੀਕਲਾਂ ਦੀ ਅੰਧਾਧੁੰਦ ਵਰਤੋਂ ਦੇ ਨਾਲ ਨਾਲ ਕਈ ਸਨਅਤੀ ਸ਼ਹਿਰਾਂ 'ਚੋਂ ਵੀ ਕੈਮੀਕਲਾਂ ਦੀ ਰਹਿੰਦ-ਖੂੰਹਦ ਲਗਾਤਾਰ ਨਦੀਆਂ ਨਾਲਿਆਂ ਰਾਹੀਂ ਮਾਲਵੇ ਦੇ ਇਲਾਕੇ 'ਚ ਜਾਂਦੀ ਰਹਿੰਦੀ ਹੈ। ਇਹ ਜ਼ਹਿਰੀਲੇ ਪਦਾਰਥ ਵੀ ਧਰਤੀ 'ਚ ਰਸ ਕੇ ਪਾਣੀ ਨੂੰ ਦੂਸ਼ਿਤ ਕਰਦੇ ਹਨ। ਪੰਜਾਬ 'ਚ ਖੇਤੀ ਵਿਰਾਸਤ ਨਾਂ ਦੀ ਸੰਸਥਾ ਲਗਾਤਾਰ ਲੋਕਾਂ ਨੂੰ ਕੈਮੀਕਲਾਂ ਦੇ ਦੁਰਪ੍ਰਭਾਵ ਬਾਰੇ ਜਾਗਰੂਕ ਕਰ ਰਹੀ ਹੈ ਪਰ ਫਿਰ ਵੀ ਅਜੇ ਤੱਕ ਉਨ੍ਹਾਂ ਦੀ ਮੁਹਿਮ ਦਾ ਉਹ ਪ੍ਰਭਾਵ ਨਹੀਂ ਪਿਆ ਜੋ ਪੈਣਾ ਚਾਹੀਦਾ ਸੀ। ਸਨਅਤਕਾਰ ਤੇ ਕਿਸਾਨ ਸਭ ਧਰਤੀ ਦੇ ਕੁਦਰਤੀ ਸੋਮਿਆਂ ਦੀ ਪਵਿੱਤਰਤਾ ਨੂੰ ਦੂਸ਼ਿਤ ਕਰ ਰਹੇ ਹਨ। ਅਜਿਹੀ ਮਾਨਸਿਕਤਾ ਦੇ ਬਹੁਤ ਮਾਰੂ ਸਿੱਟੇ ਨਿਕਲ ਰਹੇ ਹਨ। ਮਾਲਵੇ ਦੇ ਪਿੰਡ-ਪਿੰਡ 'ਚ ਲੋਕ ਲਾਇਲਾਜ ਬਿਮਾਰੀਆਂ ਤੋਂ ਪੀੜਤ ਹਨ। ਇਨ੍ਹਾਂ ਬਿਮਾਰੀਆਂ ਦੇ ਮਹਿੰਗੇ ਇਲਾਜ ਕਾਰਨ ਲੋਕਾਂ ਸਿਰ ਕਰਜੇ ਦੀ ਪੰਡ ਹੋਰ ਭਾਰੀ ਹੋ ਰਹੀ ਹੈ। ਦੁਨੀਆਂ ਭਰ 'ਚ ਸੂਝਵਾਨ ਲੋਕ ਧਰਤੀ 'ਤੇ ਫੈਲੇ ਪ੍ਰਦੂਸ਼ਣ ਨੂੰ ਘਟਾਉਣ ਲਈ ਉਪਰਾਲੇ ਕਰ ਰਹੇ ਹਨ। ਕੌਮਾਂਤਰੀ ਪੱਧਰ 'ਤੇ ਸਰਕਾਰਾਂ ਵੀ ਹੁਣ 7 ਦਸੰਬਰ 'ਚ ਕੋਪਨਹੇਗਨ ਵਿਖੇ ਪਲੀਤੀਕਰਨ ਨੂੰ ਘਟਾਉਣ ਲਈ ਕੋਈ ਰਣਨੀਤੀ ਅਪਣਾਉਣ ਵਾਲੀਆਂ ਹਨ। ਮਾਨਵਜਾਤੀ ਦੇ ਸਾਹਮਣੇ ਹੁਣ ਸਭ ਤੋਂ ਵੱਡੀ ਚੁਣੌਤੀ ਆਪਣੀ ਹੋਂਦ ਨੂੰ ਬਣਾਏ ਰੱਖਣ ਦੀ ਹੈ। ਇਹ ਤੱਥ ਵੀ ਕਿਸੇ ਤੋਂ ਛੁਪਿਆ ਨਹੀਂ ਕਿ ਪੰਜਾਬ ਦੇ ਬਹੁਤੇ ਖੇਤੀ ਵਿਗਿਆਨੀ ਅਜੇ ਵੀ ਕੈਮੀਕਲਾਂ ਤੋਂ ਮੁਕਤ ਖੇਤੀ ਦੇ ਹੱਕ 'ਚ ਨਹੀਂ। ਉਨ੍ਹਾਂ ਦਾ ਤਰਕ ਹੈ ਕਿ ਜੇਕਰ ਦੇਸ਼ 'ਚ ਯੋਗ ਮਾਤਰਾ 'ਚ ਅਨਾਜ ਦੇ ਭੰਡਾਰ ਬਣਾਈ ਰੱਖਣੇ ਹਨ ਤਾਂ ਖੇਤੀ 'ਚ ਕੈਮੀਕਲ ਤਾਂ ਅਵੱਸ਼ ਇਸਤੇਮਾਲ ਕਰਨੇ ਪੈਣਗੇ। ਪਰ ਕਿਸਾਨ ਕਿੰਨੀ ਮਾਤਰਾ 'ਚ ਖ਼ਤਰਨਾਕ ਕੈਮੀਕਲਾਂ ਦਾ ਪ੍ਰਯੋਗ ਕਰਦੇ ਹਨ ਇਸ ਨੂੰ ਪਰਖਣ ਲਈ ਕੋਈ ਸੰਸਥਾ ਜਾਂ ਰਚਨਾਤੰਤਰ ਮੌਜੂਦ ਨਹੀਂ। ਅਸਲ 'ਚ ਪੰਜਾਬ ਸਮੇਤ ਸਾਰੇ ਭਾਰਤ 'ਚ ਖੇਤੀ ਦਾ ਧੰਦਾ ਬਿਨਾਂ ਵਿਗਿਆਨਕ ਤੇ ਸਮਾਜਿਕ ਨਿਰਦੇਸ਼ਾਂ ਦੇ ਹੀ ਚੱਲ ਰਿਹਾ ਹੈ। ਹਰ ਕੋਈ ਆਪਣੀ ਮਰਜ਼ੀ ਨਾਲ ਫਸਲਾਂ ਪੈਦਾ ਕਰਦਾ ਹੈ ਤੇ ਉਨ੍ਹਾਂ 'ਚ ਆਪਣੀ ਅਕਲ ਅਨੁਸਾਰ ਹੀ ਕੈਮੀਕਲਾਂ ਦਾ ਇਸਤੇਮਾਲ ਕਰਦਾ ਹੈ। ਬਹੁਤ ਸਾਰੇ ਤੱਤ ਤਾਂ ਜ਼ਮੀਨ 'ਚ ਪਹਿਲਾਂ ਹੀ ਲੋੜੀਂਦੀ ਮਾਤਰਾ 'ਚ ਮੌਜੂਦ ਹੁੰਦੇ ਹਨ ਪਰ ਫਿਰ ਵੀ ਦੇਖਾ-ਦੇਖੀ ਕਿਸਾਨ ਹੋਰ ਕੈਮੀਕਲ ਵਰਤ ਕੇ ਉਨ੍ਹਾਂ ਦੀ ਮਾਤਰਾ ਲੋੜੋਂ ਵੱਧ ਕਰ ਦਿੰਦੇ ਹਨ। ਮਿੱਟੀ ਤੇ ਪਾਣੀ ਦੀ ਪਰਖ ਕਿਸਾਨ ਲਗਾਤਾਰ ਨਹੀਂ ਕਰਵਾਉਂਦੇ। ਕੋਈ ਟਾਵਾਂ ਟਾਵਾਂ ਕਿਸਾਨ ਹੀ ਮਿੱਟੀ ਤੇ ਪਾਣੀ ਦੀ ਪਰਖ ਕਰਵਾਉਂਦਾ ਹੈ।

ਅਜਿਹੀ ਸਥਿਤੀ 'ਚ ਜ਼ਰੂਰੀ ਹੈ ਕਿ ਸਰਕਾਰ ਜੋ ਕੈਮੀਕਲ ਖਾਦਾਂ 'ਤੇ ਸਬਸਿਡੀ ਦਿੰਦੀ ਹੈ ਉਹ ਭਾਵੇਂ ਜਾਰੀ ਰੱਖੇ ਪਰ ਜੋ ਕਿਸਾਨ ਬਿਨਾਂ ਕੈਮੀਕਲਾਂ ਤੋਂ ਕੁਦਰਤੀ ਖੇਤੀ ਕਰਦੇ ਹਨ ਉਨ੍ਹਾਂ ਨੂੰ ਭਾਰੀ ਮਾਤਰਾ 'ਚ ਸਬਸਿਡੀ ਦਿੱਤੀ ਜਾਵੇ ਤਾਂ ਜੋ ਕਿਸਾਨ ਕੈਮੀਕਲ ਖੇਤੀ ਤੋਂ ਹੱਟ ਕੇ ਕੁਦਰਤੀ ਖੇਤੀ ਵੱਲ ਆਕਰਸ਼ਤ ਹੋ ਸਕਣ। ਇਸ ਨਾਲ ਇਕ ਤਾਂ ਮਿੱਟੀ, ਪਾਣੀ ਤੇ ਹਵਾ ਦਾ ਪਲੀਤੀਕਰਨ ਘਟੇਗਾ ਦੂਜਾ ਲੋਕਾਂ 'ਚ ਜੋ ਖ਼ਤਰਨਾਕ ਬਿਮਾਰੀਆਂ ਦਾ ਕਹਿਰ ਫੈਲਿਆ ਹੋਇਆ ਹੈ ਉਸ ਨੂੰ ਕੁਝ ਠੱਲ ਪਵੇਗੀ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੁਦਰਤੀ ਖੇਤੀ ਨੂੰ ਉਤਸ਼ਾਹਤ ਕਰਨ ਲਈ ਆਪਣੀਆਂ ਤਰਜੀਹਾਂ 'ਤੇ ਵਿਚਾਰ ਕਰੇ ਤੇ ਖੇਤੀ ਖੇਤਰ 'ਤੇ ਨਵਾਂ ਨਜ਼ਰੀਆ ਅਪਣਾ ਕੇ ਇਸ ਦਾ ਪੁਨਰਗਠਨ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ।

ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ ਐਬਟਸਫੋਰਡ

ਫਰੇਜ਼ਰ ਵੈਲੀ ਦੀ ਸਮੂਹ ਸਾਧ ਸੰਗਤ ਜੀ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਇਹਨਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣਾ ਜੀਵਨ ਸਫ਼ਲ ਕਰੋ ਜੀ ।

ਪ੍ਰੋਗਰਾਮ



✤ ਪਹਿਲਾ ਅਖੰਡ ਪਾਠ ਸਾਹਿਬ
ਸ: ਗੁਰਜੀਤ ਸਿੰਘ

ਸਥਾਨਕ ਖਬਰਾਂ

ਗੈਂਗ ਅਪਰਾਧਾਂ ਨੂੰ ਰੋਕਣ ਲਈ ਨਵਾਂ ਯੂਨਿਟ ਕਾਇਮ

ਪਿਛਲੇ ਦਿਨੀਂ ਐਬਟਸਫੋਰਡ ਪੁਲਿਸ ਦੇ ਮੁਖੀ ਬੌਬ ਰਿਚ ਵੱਲੋਂ ਸਿਟੀ ਕਾਉਂਸਲ ਨੂੰ ਜਾਣਕਾਰੀ ਦਿੱਤੀ ਗਈ ਕਿ ਗੈਂਗ ਅਪਰਾਧਾਂ ਅਤੇ ਹਿੰਸਾ 'ਤੇ ਕਾਬੂ ਪਾਉਣ ਲਈ ਉਹ ਸਪੈਸ਼ਲ ਟੀਮ ਬਨਾਉਣਾ ਚਾਹੁੰਦੇ ਹਨ । ਇਸ ਟੀਮ ਵਿਚ ਇਕ ਕਮਾਂਡਰ, ਇਕ ਵਿਸ਼ਲੇਸ਼ਕ ਅਤੇ 12 ਮੈਂਬਰ ਹੋਣਗੇ ਅਤੇ ਇਸ ਦਾ ਅਰੰਭਕ ਖਰਚਾ $100,000 ਹੋਵੇਗਾ । ਉਨ੍ਹਾਂ ਇਹ ਵੀ ਦੱਸਿਆ ਕਿ ਬੱਜਟ ਦੀਆਂ ਮਜਬੂਰੀਆਂ ਕਾਰਨ ਇਸ ਟੀਮ ਦੇ ਗਠਨ ਲਈ ਹਾਲ ਦੀ ਘੜੀ ਐਬਟਸਫੋਰਡ ਪੁਲਿਸ ਅਮਲੇ ਵਿਚੋਂ ਹੀ ਅਫਸਰ ਲਏ ਜਾਣਗੇ । ਕਾਂਸਟੇਬਲ ਆਇਨ ਮੈਕਡਾਨਲਡ ਨੇ ਕਿਹਾ ਕਿ ਫੰਡ ਮਿਲਣ ਜਾਂ ਨਾ, ਇਹ ਟੀਮ ਆਉਂਦੀ ਬਸੰਤ ਰੁੱਤ ਵਿਚ ਕੰਮ ਕਰਨਾ ਸ਼ੁਰੂ ਕਰ ਦੇਵੇਗੀ । ਇਹ ਤੱਥ ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਦੌਰਾਨ ਐਬਟਸਫੋਰਡ ਵਿਚ ਕਤਲਾਂ ਦੀ ਗਿਣਤੀ ਦੇਸ਼ ਭਰ ਵਿਚ ਜ਼ਿਆਦਾ ਰਹੀ ਅਤੇ ਇਸ ਨੂੰ ਕਤਲਾਂ ਦੀ ਰਾਜਧਾਨੀ ਕਿਹਾ ਜਾਣ ਲੱਗਾ । 2009 ਵਿਚ ਹੋਏ 11 ਕਤਲਾਂ ਵਿਚੋਂ 7 ਕਤਲ ਗੈਂਗ ਸਰਗਰਮੀਆਂ ਨਾਲ ਸਬੰਧਤ ਸਨ । ਪੁਲਿਸ ਮੁਖੀ ਦਾ ਨਿਸ਼ਾਨਾ ਐਬਟਸਫੋਰਡ ਨੂੰ ਐਸੀ ਥਾਂ ਬਨਾਉਣਾ ਹੈ ਜਿੱਥੇ ਗੈਂਗਾਂ ਦਾ ਪਨਪਨਾ ਔਖਾ ਹੋ ਜਾਵੇ । ਇਸ ਮੰਤਵ ਦੀ ਪੂਰਤੀ ਲਈ ਗੈਂਗਾਂ ਨੂੰ ਨੱਥ ਪਾਉਣ ਦੇ ਨਾਲ ਨਾਲ ਬੱਚਿਆਂ ਨੂੰ ਇੰਨ੍ਹਾਂ ਤੋਂ ਦੂਰ ਰੱਖਣਾ ਵਧੇਰੇ ਜ਼ਰੂਰੀ ਸਮਝਿਆ ਜਾ ਰਿਹਾ ਹੈ ।

ਨਾਮੀ ਗੈਂਗਾਂ ਵੱਲੋਂ ਕੋਕੇਨ ਦੀ ਵੱਡੀ ਖੇਪ ਲਿਆਉਣ ਦੀ ਯੋਜਨਾ ਠੁੱਸ ਕੀਤੀ ਗਈ, ਗ੍ਰਿਫਤਾਰੀਆਂ ਹੋਈਆਂ

ਰੈਡ ਸਕਾਰਪੀਅਨ ਅਤੇ ਯੂ ਐਨ ਗੈਂਗ ਮੈਕਸੀਕੋ ਤੋਂ $3 ਮਿਲੀਅਨ ਦੀ ਕੋਕੇਨ ਲੋਅਰ ਮੇਨਲੈਂਡ ਲਿਆਉਣ ਦੀ ਯੋਜਨਾ ਬਣਾ ਰਹੇ ਸਨ । ਖੁਫੀਆ ਪੁਲਿਸ ਦੇ ਅਫਸਰਾਂ ਨੂੰ ਵੀ ਸੂਹ ਮਿਲ ਗਈ ਸੀ । ਖੁਫੀਆ ਅਫਸਰਾਂ ਨੇ ਗੈਂਗ ਮੈਂਬਰਾਂ ਤੱਕ ਪਹੁੰਚ ਕਰਕੇ ਸੌਦਾ ਕੀਤਾ ਕਿ ਉਹ 1000 ਕਿਲੋ ਕੋਕੇਨ ਬੜੇ ਸੁਰੱਖਿਅਤ ਢੰਗ ਨਾਲ ਮਿਥੀ ਥਾਂ ਪਹੁੰਚਾ ਦੇਣਗੇ । ਇੰਜ ਗੈਂਗ ਵਾਲਿਆਂ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਬਦਲੇ ਉਨ੍ਹਾਂ ਨੂੰ $100,000 ਦਿੱਤੇ । ਉਦੋਂ ਉਨ੍ਹਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਨਾਲ ਸੌਦਾ ਕਰਨ ਵਾਲੇ ਅਸਲ ਵਿਚ ਉਨ੍ਹਾਂ ਨੂੰ ਫੜਨ ਵਾਲੇ ਪੁਲਿਸ ਅਫਸਰ ਹੀ ਹਨ । ਉਨ੍ਹਾਂ ਨੂੰ ਤਾਂ ਪਤਾ ਉਦੋਂ ਲੱਗਾ ਜਦੋਂ ਹਥਿਆਰਬੰਦ ਹੋਏ ਅਫਸਰ ਉਨ੍ਹਾਂ ਕੋਲਪਹੁੰਚ ਗਏ ਅਤੇ ਪੰਜ ਗੈਂਗ ਮੈਂਬਰਾਂ ਨੂੰ ਕਾਬੂ ਕਰ ਲਿਆ । ਇਹ ਪੰਜੇ ਉਪਰੋਕਤ ਬੱਦੂ ਗੈਂਗਾਂ ਨਾਲ ਸਬੰਧਤ ਹਨ ਅਤੇ ਪਹਿਲਾਂ ਵੀ ਕਈ ਅਪਰਾਧ ਕਰਨ ਦੇ ਦੋਸ਼ੀ ਹਨ । ਹੁਣ ਉਨ੍ਹਾਂ ਉਪਰ ਕਈ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਗਏ ਹਨ । ਐਬਟਸਫੋਰਡ ਪੁਲਿਸ ਦੀ ਡਿਪਟੀ ਚੀਫ ਰਿਕ ਲੂਸੀ ਦਾ ਕਹਿਣਾ ਹੈ ਕਿ ਗੈਂਗਾਂ ਦੇ ਧੰਦੇ ਨੂੰ ਬੰਦ ਕਰਨ ਲਈ ਇਹ ਵੱਡਾ ਕਦਮ ਹੈ । ਉਨ੍ਹਾਂ ਕਿਹਾ ਕਿ 1990 ਤੋਂ ਇਹ ਗੈਂਗ ਅਜਿਹੇ ਭੈੜੇ ਕੰਮਾਂ ਵਿਚ ਲੱਗੇ ਹੋਏ ਹਨ ਜਿੰਨ੍ਹਾਂ ਦਾ ਪੁਲਿਸ ਨੂੰ ਚਿਤ ਚੇਤਾ ਵੀ ਨਹੀਂ ਸੀ । ਪਰੰਤੂ ਹੁਣ ਲੋਅਰ ਮੇਨਲੈਂਡ ਦੀਆਂ ਵੱਖ ਵੱਖ ਕਮਿਊਨਿਟੀਆਂ ਦੇ ਪੁਲਿਸ ਬਲ ਇੰਨ੍ਹਾਂ ਨੂੰ ਨੱਥ ਪਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ । ਪੁਲਿਸ ਦਾ ਅਨੁਮਾਨ ਹੈ ਕਿ ਯੂ ਐਨ ਦੇ 100 ਮੈਂਬਰ ਹਨ ਅਤੇ ਰੈਡ ਸਕਾਰਪੀਅਨ ਦੇ ਇਸ ਤੋਂ ਕਿਤੇ ਜ਼ਿਆਦਾ ਹਨ ਅਤੇ ਇੰਨ੍ਹਾਂ ਦੀਆਂ ਗੈਰ ਸਮਾਜਕ ਸਰਗਰਮੀਆਂ ਦਾ ਖੇਤਰ ਬਹੁਤ ਵਿਸ਼ਾਲ ਹੈ ।

ਟੈਕਸ ਵਾਧੇ ਨੂੰ 4% ਤੱਕ ਸੀਮਤ ਰੱਖਣ ਲਈ ਸਰਵਿਸ ਕਟੌਤੀਆਂ ਜ਼ਰੂਰੀ -ਮੇਅਰ ਜੌਰਜ ਪੈਅਰੀ

ਸਿਟੀ ਸਟਾਫ ਵੱਲੋਂ 2010 ਦੇ ਬੱਜਟ ਵਿਚ ਪ੍ਰਾਪਰਟੀ ਟੈਕਸ ਵਿਚ 6% ਦੇ ਕਰੀਬ ਵਧਾਉਣ ਦਾ ਸੁਝਾਉ ਦਿੱਤਾ ਗਿਆ ਹੈ । ਪਰੰਤੂ 14 ਦਸੰਬਰ ਨੂੰ ਹੋਣ ਵਾਲੀ ਕਾਉਂਸਲ ਦੀ ਮੀਟਿੰਗ ਵਿਚ ਜੌਨ ਸਮਿੱਥ ਵੱਲੋਂ ਪ੍ਰਸਤਾਵਿਤ 3.9% ਦੇ ਵਾਧੇ ਨਾਲ ਪੈਦਾ ਹੋਣ ਵਾਲੀਆਂ ਉਲਝਣਾਂ ਤੇ ਵਿਚਾਰ ਕੀਤੀ ਜਾਵੇਗੀ । ਮੇਅਰ ਤੋਂ ਬਿਨਾਂ ਬਹੁਤ ਸਾਰੇ ਸਿਮੱਥ ਦੇ ਸੁਝਾਉ ਨਾਲ ਸਹਿਮਤ ਸਨ । ਮੇਅਰ ਦਾ ਕਹਿਣਾ ਹੈ ਕਿ ਵਾਧਾ 3.9% ਹੀ ਕੀਤਾ ਗਿਆ ਤਾਂ ਬਹੁਤ ਸਾਰੀਆਂ ਸੇਵਾਵਾਂ ਦੀ ਕਟੌਤੀ ਅਟੱਲ ਹੋ ਜਾਵੇਗੀ । ਸਟਾਫ ਵੱਲੋਂ ਇੰਨ੍ਹਾਂ ਸੰਭਵ ਕਟੌਤੀਆਂ ਬਾਰੇ ਜਾਣਕਾਰੀ 14 ਦਸੰਬਰ ਤੋਂ ਪਹਿਲਾਂ ਕਾਉਂਸਲ ਨੂੰ ਦਿੱਤੀ ਜਾਵੇਗੀ । ਵਿੱਤੀ ਸਟਾਫ ਦੇ ਅਨੁਮਾਨ ਅਨੁਸਾਰ 2010 ਵਿਚ ਪ੍ਰਾਪਰਟੀ ਟੈਕਸ ਦੇ ਵਾਧੇ ਤੋਂ ਬਿਨਾ ਪਾਣੀ, ਸੀਵਰ ਅਤੇ ਸਾਲਿਡ ਵੇਸਟ ਕੁਲੈਕਸ਼ਨ ਸੇਵਾਵਾਂ ਦੇ ਰੇਟਾਂ ਵਿਚ ਕ੍ਰਮਵਾਰ $26,$24 ਅਤੇ $31 ਦਾ ਵਾਧਾ ਹੋਣ ਦੀ ਸੰਭਾਵਨਾ ਹੈ ।

ਫ੍ਰੇਜ਼ਰ ਵੈਲੀ ਹੈਲਥ ਅਥਾਰਿਟੀ ਮਰੀਜ਼ਾਂ ਨੂੰ ਆਤਮਕ ਸਹਾਇਤਾ ਦੇਣ ਲਈ ਵਾਲੰਟੀਅਰਾਂ 'ਤੇ ਹੀ ਨਿਰਭਰ

ਪਿੱਛੇ ਜਿਹੇ ਫ੍ਰੇਜ਼ਰ ਹੈਲਥ ਅਤਾਰਿਟੀ ਨੇ $650,000 ਦੀ ਬੱਚਤ ਕਰਨ ਲਈ ਇਸ ਅਧੀਨ ਕੰਮ ਕਰ ਰਹੇ 12 ਆਤਮਕ ਕੇਅਰ ਕੇ-ਆਰਡੀਨੇਟਰਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਸੀ । ਇਹ ਕੇਅਰਡੀਨੇਟਰ ਅਤਿ ਬੀਮਾਰ ਮਰੀਜ਼ਾਂ ਨੂੰ ਅਧਿਆਮਿਕ ਸਿਖਿਆ ਦੇ ਕੇ ਉਨ੍ਹਾਂ ਦਾ ਆਤਮਕ ਬਲ ਵਧਾਉਣ ਦਾ ਉਪਰਾਲਾ ਕਰਿਆ ਕਰਦੇ ਸਨ । ਉਨ੍ਹਾਂ ਨੂੰ ਨੌਕਰੀਉਂ ਹਟਾਉਣ ਨਾਲ ਅਜਿਹੇ ਮਰੀਜ਼ ਕੇਅਰਡੀਨੇਟਰਾਂ ਤੋਂ ਮਿਲਣ ਵਾਲੀ ਸਹਾਇਤਾ ਤੋਂ ਵੰਚਿਤ ਹੋ ਗਏ ਸਨ । ਪਰ ਹੁਣ ਅਥਾਰਿਟੀ ਉਹ ਸਹਾਇਤਾ ਪ੍ਰਾਪਤ ਕਰਨ ਲਈ ਅਜਿਹੇ ਵਾਲੰਟੀਅਰਾਂ ਨੂੰ ਬੇਨਤੀ ਕਰ ਰਹੀ ਜੋ ਇਸ ਖੱਪੇ ਨੂੰ ਪੂਰਾ ਕਰਕੇ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਕਰ ਸਕਣ । ਹੈਲਥ ਅਤਾਰਿਟੀ ਦੀ ਬੁਲਾਰੀ ਜੋਨ ਮਾਰਸ਼ਲ ਦਾ ਕਹਿਣਾ ਹੈ ਕਿ ਬਹੁਤ ਸਾਰੇ ਵਾਲੰਟੀਅਰਾਂ ਨੇ ਇਹ ਸੇਵਾ ਕਰਨ ਲਈ ਸਾਡੇ ਨਾਲ ਸੰਪਰਕ ਕੀਤਾ ਹੈ । ਆਸ ਹੈ ਕਿ ਕ੍ਰਿਸਮਿਸ ਤੋਂ ਪਹਿਲਾਂ ਇੰਨ੍ਹਾਂ ਵਾਲੰਟੀਅਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਲੈਣ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ ।

ਬੇਰੁਜ਼ਗਾਰਾਂ ਦੀ ਸੰਖਿਆ ਵਿਚ ਵਾਧਾ

ਕੈਨੇਡਾ ਦੇ ਅੰਕੜਾ ਵਿਭਾਗ ਵੱਲੋਂ ਪਿੱਛੇ ਜਿਹੇ ਪ੍ਰਾਕਸ਼ਿਤ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਐਬਟਸਫੋਰਡ-ਮਿਸ਼ਨ ਖੇਤਰ ਵਿਚ ਐਂਪਲਾਇਮੈਂਟ ਇਨਸ਼ੂਰੈਂਸ ਲੈਣ ਵਾਲਿਆਂ ਦੀ ਗਿਣਤੀ ਸਤੰਬਰ 2008 ਨਾਲੋਂ ਸਤੰਬਰ 2009 ਵਿਚ ਦੁੱਗਣੀ ਤੋਂ ਵੀ ਜ਼ਿਆਦਾ ਹੋ ਗਈ ਹੈ । ਇਸ ਸਾਲ ਹੀ ਸੂਬੇ ਵਿਚ ਸਤੰਬਰ ਵਿਚ ਈ. ਆਈ. ਲੈਣ ਵਾਲਿਆਂ ਦੀ ਸੰਖਿਆ ਜੁਲਾਈ, ਅਗੱਸਤ ਨਾਲੋਂ 11,300 ਵੱਧ ਰਹੀ । ਪਿਛਲੇ ਸਾਲ ਦੀ ਪਤਝੜ ਵਿਚ ਸ਼ੁਰੂ ਹੋਏ ਮੰਦਵਾੜੇ ਤੋਂ ਹੁਣ ਤੱਕ ਬੀ. ਸੀ. ਵਿਚ ਈ ਆਈ ਪ੍ਰਾਪਤ ਕਰਨ ਵਾਲਿਆਂ ਦੀ ਸੰਖਿਆ ਦੁੱਗਣੀ ਤੋਂ ਵੀ ਵਧ ਗਈ ਹੈ ਜੋ ਹੁਣ 99,400 ਹੈ । ਅਜੇ ਵੀ ਮੰਦਵਾੜੇ ਵਿਚ ਮੋੜ ਪੈਣ ਦੇ ਸੰਕੇਤ ਸਪੱਸ਼ਟ ਨਜ਼ਰ ਨਹੀਂ ਆ ਰਹੇ ।

ਗੈਂਗਾਂ ਵਿਚ ਜਵਾਨਾਂ ਦੀ ਭਰਤੀ ਅਰੁੱਕ ਜਾਰੀ

ਕਾਂਸਟੇਬਲ ਇਆਨ ਮੈਕਡਾਨਲਡ ਦਾ ਕਹਿਣਾ ਹੈ ਕਿ ਇਕ ਦੂਜੇ ਦੇ ਵਿਰੋਧੀ ਗੈਂਗ 13 ਤੋਂ 18-19 ਸਾਲ ਦੇ ਮੁੰਡੇ ਕੁੜੀਆਂ ਨੂੰ ਆਪਣੇ ਆਪਣੇ ਗੈਂਗਾਂ ਵਿਚ ਭਰਤੀ ਕਰਨ ਵਿਚ ਸਰਗਰਮ ਹਨ । ਉਹ ਅਜਿਹੇ ਮੁੰਡੇ ਕੁੜੀਆਂ ਨੂੰ ਭਰਤੀ ਕਰਨ ਲਈ ਕਈ ਤਰ੍ਹਾਂ ਦੇ ਹਥਕੰਡੇ ਵਰਤਦੇ ਹਨ । ਛੋਟੇ ਮੋਟੇ ਕੰਮ ਵਿਚ ਸਹਾਇਤਾ ਕਰਕੇ ਮਿੱਤਰਤਾ ਜਤਾਉਂਦੇ ਹਨ; ਕਦੀ ਆਪਣੇ ਕਿਸੇ ਮੈਂਬਰ ਵੱਲੋਂ ਅਜਿਹੇ ਮੁੰਡੇ ਕੁੜੀਆਂ ਨੂੰ ਡਰਾਉਂਦੇ ਧਮਕਾਉਂਦੇ ਹਨ ਅਤੇ ਫਿਰ ਆਪ ਹੀ ਸਹਾਇਤ ਕਰਦੇ ਹਨ । ਇਉਂ ਉਹ ਮੁੰਡੇ ਕੁੜੀਆਂ ਇਨ੍ਹਾਂ ਦੀ ਝੋਪ ਮੰਨਣ ਲੱਗ ਜਾਂਦੇ ਹਨ;ਉਨ੍ਹਾਂ ਦੇ ਰਿਟੀ ਹੋ ਜਾਂਦੇ ਹਨ । ਇਸ ਮਗਰੋਂ ਉਹ ਗੈਂਗ ਮੈਂਬਰ ਇੰਨ੍ਹਾਂ ਤੋਂ ਨਿੱਕੇ ਮੋਟੇ ਗੈਰ-ਕਾਨੂੰਨੀ ਕੰਮ ਕਰਵਾਉਣਾ ਸ਼ੁਰੂ ਕਰ ਦਿੰਦੇ ਹਨ । ਹੌਲੀ ਹੌਲੀ ਇਹ ਮੁੰਡੇ ਕੁੜੀਆਂ ਉਨ੍ਹਾਂ ਦੇ ਜਾਲ੍ਹ ਵਿਚ ਫਸ ਜਾਂਦੇ ਹਨ ਅਤੇ ਵੱਡੇ ਜ਼ੁਰਮ ਕਰਨ ਲੱਗ ਜਾਂਦੇ ਹਨ ਅਤੇ ਉਨ੍ਹਾਂ ਦੇ ਪੱਕੇ ਸਾਥੀ ਬਣ ਜਾਂਦੇ ਹਨ । ਆਖਰ ਹਾਲਤ ਇਹ ਹੋ ਜਾਂਦੀ ਹੈ ਉਹ ਇਸ ਮੱਕੜੀ ਜਾਲ੍ਹ ਵਿਚੋਂ ਚਾਹੁਣ ਤੇ ਵੀ ਨਿਕਲ ਨਹੀਂ ਸਕਦੇ । ਗੈਂਗਾਂ ਦੇ ਇਹ ਸ਼ਿਕਾਰ ਕੇਵਲ ਸਕੂਲਾਂ ਤੱਕ ਹੀ ਸੀਮਤ ਨਹੀਂ ਸਗੋਂ ਪਾਰਕਾਂ ਆਦਿ ਵਰਗੀਆਂ ਪਬਲਿਕ ਥਾਵਾਂ ਤੇ ਵੀ ਗੈਂਗ ਟੋਲਿਆਂ ਨੂੰ ਅਜਿਹੇ ਭੋਲੇ ਭਾਲੇ ਸ਼ਿਕਾਰ ਮਿਲ ਜਾਂਦੇ ਹਨ ।

ਸਮਲਿੰਗੀ ਵਿਆਹਾਂ ਦੇ ਵਿਵਾਦ ਤੋਂ ਉਤਪਨ ਹੋਏ ਝਗੜੇ ਵਿਚ ਚਰਚਾਂ ਦੇ ਲੱਖਾਂ ਡਾਲਰ ਖਰਚ ਹੋਏ

ਨਿਊ ਵੈਸਟਮਿੰਸਟਰ ਦੇ ਡਾਇਓਸੀਜ਼ ਅਤੇ ਸਥਾਨਕ ਸੋਂਟ ਮੈਥੀਊ ਐਂਗਲੀਕਨ ਚਰਚ ਵਿਚਕਾਰ ਚੱਲ ਰਹੇ ਝਗੜੇ ਵਿਚ ਬੀ ਸੀ ਸੁਪਰੀਮ ਕੋਰਟ ਦਾ ਫੈਸਲਾ ਡਾਇਓਸੀਜ਼ ਦੇ ਹੱਕ ਵਿਚ ਹੋਣ ਕਰਕੇ ਐਂਗਲੀਕਨ ਚਰਚ ਨੂੰ ਆਪਣੇ ਪੂਜਾ ਪਾਠ ਲਈ ਹੋਰ ਥਾਂ ਲੱਭਣੀ ਪਵੇਗੀ । ਭਾਵੇਂ ਐਂਗਲੀਕਨ ਚਰਚ ਵੱਲੋਂ ਇਉਂ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਪਰੰਤੂ ਅਦਾਲਤ ਦਾ ਫੈਸਲਾ ਮੰਨਣ ਤੋਂ ਬਿਨਾਂ ਉਨ੍ਹਾਂ ਕੋਲ ਕੋਈ ਚਾਰਾ ਨਹੀਂ । । ਉਜ ਉਨ੍ਹਾਂ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਨੂੰ ਬਿਲਡਿੰਗ ਨਾਲੋਂ ਧਾਰਮਿਕ ਵਿਸ਼ਵਾਸ਼ ਪਿਆਰਾ ਹੈ । ਉਹ ਬਿਲਡਿੰਗ ਵਿਚ ਰਹਿਣ ਬਦਲੇ ਆਪਣਾ ਧਾਰਮਿਕ ਵਿਸ਼ਵਾਸ਼ ਨਹੀਂ ਤਿਆਗ ਸਕਦੇ ਅਰਥਾਤ ਉਹ ਸਮਲਿੰਗੀ ਵਿਆਹਾਂ ਦੀ ਹਮਾਇਤ ਕਦੀ ਨਹੀਂ ਕਰ ਸਕਦੇ । ਯਾਦ ਰਹੇ ਇੰਨ੍ਹਾਂ ਦੋਨਾਂ ਧਿਰਾਂ ਦਾ ਝਗੜਾ 2002 ਵਿਚ ਸਮਲਿੰਗੀ ਵਿਆਹਾਂ ਨੂੰ ਮਾਨਤਾ ਮਿਲਣ ਤੋਂ ਲੈ ਕੇ ਹੁਣ ਤੱਕ ਚਲਦਾ ਆ ਰਿਹਾ ਹੈ ਅਤੇ ਇਸ ਝਗੜੇ ਵਿਚ ਦੋਨਾਂ ਧਿਰਾਂ ਦਾ $ 1 ਮਿਲੀਅਨ ਖਰਚ ਹੋ ਚੁੱਕਾ ਹੈ । ਹਾਰਨ ਵਾਲੇ ਐਂਗਲੀਕਨ ਚਰਚ ਦੇ ਕਾਨੂੰਨੀ ਸਲਾਹਕਾਰ ਅਦਾਲਤ ਦੇ ਫੈਸਲੇ ਦਾ ਅਧਿਐਨ ਕਰ ਰਹੇ ਹਨ ਅਤੇ 30 ਦਿਨਾਂ ਦੇ ਅੰਦਰ ਅਪੀਲ ਕਰ ਸਕਦੇਹਨ ਜੇ ਉਨ੍ਹਾਂ ਨੂੰ ਇੰਜ ਕਰਨਾ ਵਿਵਹਾਰਕ ਜਾਪਿਆ ।

ਸੰਸਾਰਕ ਏਡਜ਼ ਦਿਵਸ 'ਤੇ ਮੰਤਰੀ ਵੱਲੋਂ ਨਿੱਜੀ ਸੰਦੇਸ਼ ਅਤੇ ਸ਼ੁੱਭ ਕਾਮਨਾਵਾਂ

ਦਸੰਬਰ 1, 2009 :-ਇਸ ਸਾਲ ਦੇ ਸੰਸਾਰਕ ਏਡਜ਼ ਦਿਵਸ ਦਾ ਵਿਸ਼ਾ ਹੈ ' **ਵਿਆਪਕ ਪਹੁੰਚ ਅਤੇ ਮਨੁੱਖੀ ਅਧਿਕਾਰ** ' । ਬੀ ਸੀ ਦੀ ਮਨਿਸਟਰੀ ਔਫ ਹੈਲਦੀ ਲਿਵਿੰਗ ਐਂਡ ਸਪੋਰਟ ਮੰਤਰੀ ਈਡਾ ਚੋਂਗ ਦਾ ਕਹਿਣਾ ਹੈ ਕਿ ਸੂਬਾ ਏਡਜ਼ ਅਤੇ ਐਚ ਆਈ ਵੀ ਦੇ ਫੈਲਾਉ ਨੂੰ ਘਟਾਉਣ ਲਈ ਵਚਨਬੱਧ ਹੈ ਅਤੇ ਇਸ ਨੂੰ ਇਹ ਵੀ ਅਹਿਸਾਸ ਹੈ ਕਿ ਹਰ ਸ਼ਹਿਰੀ ਦਾ ਮੂਲਕ ਹੱਕ ਹੈ ਕਿ ਉਸ ਨੂੰ ਇੰਨ੍ਹਾਂ ਬੀਮਾਰੀਆਂ ਦੇ ਇਲਾਜ ਲਈ ਹਰ ਸਹੂਲਤ ਮਿਲੇ । ਸਰਕਾਰ ਇਹ ਯਕੀਨੀ ਬਨਾਉਣਾ ਚਾਹੁੰਦੀ ਹੈ ਕਿ ਇਸ ਬੀਮਾਰੀ ਤੋਂ ਪੀੜਤ ਬੀ ਸੀ ਨਿਵਾਸੀਆਂ ਨੂੰ ਇਸ ਦੇ ਨਿਵਾਰਨ ਲਈ ਲੋੜੀਂਦਾ ਇਲਾਜ ਅਤੇ ਸਹੂਲਤ ਮਿਲੇ । ਅੱਜ ਅਸੀ ਦੁਨੀਆਂ ਭਰ ਦੇ ਲੋਕਾਂ ਨਾਲ ਇਸ ਦਿਵਸ ਨੂੰ ਮਨਾਉਣ ਵਿਚਸ਼ਾਮਲ ਹੋ ਕੇ ਇਸ ਬੀਮਾਰੀ ਦੇ ਨਿਵਾਰਨ ਲਈ ਆਪਣੀ ਵਚਨਬੱਧਤਾ ਦੁਹਰਾਉਂਦੇ ਹਾਂ। ਇਸ ਬੀਮਾਰੀ ਦੀ ਰੋਕ-ਥਾਮ ਲਈ ਡਾਕਟਰੀ ਉਪਾਵਾਂ ਦੇ ਨਾਲ੍ਹ ਨਾਲ੍ਹ ਸਿਖਿਆ ਅਤੇ ਸਹਾਇਤਾ ਤੱਕ ਯਕੀਨੀ ਪਹੁੰਚ ਅਹਿਮ ਹਥਿਆਰ ਹਨ । ਅੱਜ ਬੀ. ਸੀ. ਵਿਚ ਵਧੇਰੇ ਵਿਅਕਤੀਆਂ ਦਾ ਐਚ. ਆਈ. ਵੀ. ਟੈਸਟ ਹੋ ਰਿਹਾ ਹੈ । ਇਸ ਖੇਤਰ ਵਿਚ ਹੁਣ ਤੱਕ ਮਿਲੀ ਸਫਲਤਾ ਤੋਂ ਅਸੀਂ ਸੰਤੁਸ਼ਟ ਹਾਂ ਅਤੇ ਹੋਰ ਯਤਨਾਂ ਵਿਚ ਜੁਟੇ ਹੋਏ ਹਾਂ ।

ਫੈਡਰਲ ਅਤੇ ਬੀ. ਸੀ. ਸਰਕਾਰ ਵਿਚਕਾਰ ਐਚ. ਐਸ. ਟੀ. ਬਾਰੇ ਇਕਰਾਰਨਾਮਾ ਤਹਿ ਹੋਇਆ

ਵਿਕਟੋਰੀਆ :30 ਨਵੰਬਰ,09 । ਅੱਜ ਸੂਬਾਈ ਅਤੇ ਫੈਡਰਲ ਸਰਕਾਰ ਨੇ ਬੀ ਸੀ ਵਿਚ 1 ਜੁਲਾਈ,2010 ਤੋਂ ਸ਼ੁਰੂ ਹੋਣ ਵਾਲੇ ਹਾਰਮੋਨਾਈਜ਼ਡ ਸੇਲਜ਼ ਟੈਕਸ ਬਾਰੇ ਇਕ ਇਕਰਾਰਨਾਮੇ 'ਤੇ ਹਸਤਾਖਰ ਕੀਤੇ । ਕੰਪਰੀਹੈਂਸਿਵ ਇਨਟੈਗਰੇਟਿਡ ਟੈਕਸ ਕੋਆਰਡੀਨੇਸ਼ਨ ਐਗਰੀਮੈਂਟ (ਛੀਠਛਓ) ਨਾਂ ਦੇ ਇਸ ਇਕਰਾਰਨਾਮੇ ਵਿਚ ਅਜਿਹੀਆਂ ਸ਼ਰਤਾਂ ਦਰਜ ਹਨ ਜਿੰਨ੍ਹਾਂ ਅਧੀਨ ਬੀ ਸੀ ਸਰਕਾਰ ਫੈਡਰਲ ਸਰਕਾਰ ਨਾਲ੍ਹ ਐਚ. ਐਸ. ਟੀ. ਵਿਚ ਭਾਗੀਦਾਰ ਬਣੇਗੀ ।

ਕੁਝ ਸ਼ਰਤਾਂ ਇਸ ਪ੍ਰਕਾਰ ਹਨ:

* ਇਸ ਟੈਕਸ ਦਾ ਢਾਂਚਾ ਜਿਸ ਵਿਚ ਇਸ ਟੈਕਸ ਵਿਚਲੇ ਸੂਬਾਈ ਹਿੱਸੇ ਦਾ ਰੇਟ ਅਤੇ ਆਯਾਤ ਹੋਣ ਵਾਲੀਆਂ ਅਤੇ ਅੰਤਰ ਸੂਬਾਈ ਵਸਤਾਂ ਦਾ ਆਧਾਰ ਸ਼ਾਮਲ ਹੋਵੇਗਾ ।

* ਉਹ ਸ਼ਰਤਾਂ ਜਿੰਨ੍ਹਾਂ ਅਧੀਨ ਸੂਬਾ ਐਚ.ਐਸ.ਟੀ. ਦੇ ਪਹਿਲੂ ਬਦਲ ਸਕੇਗਾ ।

* ਟਾਈਮਿੰਗ ਜਿਸ ਵਿਚ ਇਸ ਨੂੰ ਲਾਗੂ ਕਰਨ ਦੀ ਤਾਰੀਖ , ਜੁਲਾਈ,2010 ਸ਼ਾਮਲ ਹੈ ।

* ਐਚ. ਐਸ. ਟੀ. ਦਾ ਫੈਡਰਲ ਪ੍ਰਬੰਧ ਅਤੇ ਲਾਗੂ ਕਰਨ ਦਾ ਅਮਲ

* ਫੈਡਰਲ ਅਤੇ ਸੂਬੇ ਵਿਚਕਾਰ ਐਚ. ਐਸ. ਟੀ. ਦੇ ਮਾਲੀਏ ਦੀ ਹਿੱਸੇ-ਵੰਡ । ਇਸ ਵਿਚ ਸੂਬੇ ਨੂੰ ਦੇਣ ਦਾ ਸਮਾਂ ਅਤੇ ਢੰਗ ਨਿਯਾਰਿਤ ਕਰਨਾ ਸ਼ਾਮਲ ਹਨ

* ਰੀਬੇਟਾਂ ਵਿਚ ਸੂਬਾਈ ਲਚਕ ਸਬੰਧੀ ਸ਼ਰਤਾਂ ਜਿੰਨ੍ਹਾਂ ਵਿਚ ਕੈਨੇਡਾ ਵੱਲੋਂ ਸੂਬੇ ਨੂੰ ਦਿੱਤਾ ਜਾਣ ਵਾਲ੍ਹਾ $1.6 ਬਿਲੀਅਨ ਦੇਣ ਦੀ ਸਮਾਂ-ਸਾਰਨੀ ਸ਼ਾਮਲ ਹੈ

* ਇਸ ਇਕਰਾਰਨਾਮੇ ਵਿਚ ਇਸ ਟੈਕਸ ਦੇ ਲਾਗੂ ਹੋਣ ਨਾਲ੍ਹ ਸੂਬੇ ਦੇ ਪ੍ਰਭਾਵਿਤ ਹੋਣ ਵਾਲੇ ਕਰਮਚਾਰੀਆਂ ਨੂੰ ਫੈਡਰਲ ਸਰਕਾਰ ਵੱਲੋਂ ਹਾਇਰ ਕਰਨ ਸਬੰਧੀ ਅਮਲ ਵੀ ਸ਼ਾਮਲ ਹੈ । ਮਾਰਚ 31, 2010 ਤੱਕ ਫੈਡਰਲ ਸਰਕਾਰ ਲੋੜੀਂਦੇ ਕਾਨੂੰਨ ਬਨਾਉਣ ਦੇ

ਪ੍ਰੀਟੀ ਜ਼ਿੰਟਾ ਕਿਉਂ ਹੋਈ ਗਾਇਬ...?

ਕਾਫ਼ੀ ਦਿਨਾਂ ਤੋਂ ਸੁਣਨ ਨੂੰ ਮਿਲ ਰਿਹਾ ਸੀ ਕਿ ਪਿਆਰੀ-ਪਿਆਰੀ ਪ੍ਰੀਟੀ ਜ਼ਿੰਟਾ ਫ਼ਿਲਮੀ ਦੁਨੀਆ ਤੋਂ ਕੁਝ ਨਿਰਾਸ਼ ਜਿਹੀ ਹੋ ਕੇ ਘਰ ਬੈਠ ਮਨ ਸ਼ਾਂਤ ਕਰਨ ਦੀਆਂ ਤਿਆਰੀਆਂ ਕਰ ਰਹੀ ਹੈ। ਇਹ ਗੱਲ ਪੂਰੀ ਤਰ੍ਹਾਂ ਸਹੀ ਨਹੀਂ ਨਿਕਲੀ ਤੇ ਪ੍ਰੀਟੀ ਤਾਂ ਸ਼ਿਆਮਕ ਡਾਵਰ ਦੇ ਨਾਲ ਸੋਨੀ ਟੀ. ਵੀ. ਦੇ ਰਿਆਲਿਟੀ ਸ਼ੋਅ 'ਡਾਂਸ ਪ੍ਰੀਮੀਅਰ ਲੀਗ' ਸਬੰਧੀ ਵਿਚਾਰ-ਵਟਾਂਦਰੇ ਕਰ ਰਹੀ ਸੀ। ਇਸ ਦੇ ਨਾਲ ਕੁਝ ਨਵੀਆਂ ਫ਼ਿਲਮਾਂ ਦੀਆਂ ਕਹਾਣੀਆਂ ਵੀ ਉਹ ਸੁਣ ਰਹੀ ਸੀ। ਪ੍ਰੀਟੀ ਜਾਣਦੀ ਹੈ ਕਿ ਸੱਲੂ ਤੋਂ ਲੈ ਕੇ ਕਾਜੋਲ ਤੱਕ ਨਾਮੀ ਸਿਤਾਰੇ ਸੋਨੀ ਦੇ ਸ਼ੋਅ 'ਚ ਹਨ ਤੇ ਇੰਡੀਅਨ ਪ੍ਰੀਮੀਅਰ ਲੀਗ ਕ੍ਰਿਕਟ ਦੀ ਤਰ੍ਹਾਂ ਬਣੇ ਇਸ ਸ਼ੋਅ 'ਚ ਇਨ੍ਹਾਂ ਸਾਰਿਆਂ ਦੇ ਮੁਕਾਬਲੇ ਉਸ ਨੇ ਬਿਹਤਰ ਦਿਖਾਉਣਾ ਹੈ। ਇਸ ਲਈ ਜ਼ੋਰਦਾਰ ਤਿਆਰੀਆਂ ਤਾਂ ਚਾਹੀਦੀਆਂ ਹੀ ਸਨ। ਇਨ੍ਹਾਂ ਖ਼ਬਰਾਂ ਦਾ ਵੀ ਖੰਡਨ ਹੋ ਗਿਆ ਕਿ ਪ੍ਰੀਟੀ ਇੰਡੀਆ ਛੱਡ ਕਿਸੇ ਬਾਹਰਲੇ ਮੁਲਕ 'ਚ ਆਪਣਾ ਘਰ ਬਣਾਉਣ ਦੀ ਤਿਆਰੀ ਕਰ ਰਹੀ ਹੈ। ਪ੍ਰੀਟੀ ਤਾਂ ਕ੍ਰਿਕਟ 'ਚ ਪਏ ਘਾਟੇ ਸਬੰਧੀ ਮਨ ਨਾਲ ਵਿਚਾਰ ਕਰਨ ਲਈ ਕੁਝ ਦਿਨਾਂ ਦੀਆਂ ਆਰਾਮ ਛੁੱਟੀਆਂ 'ਤੇ ਸੀ ਕਿ ਇਹ ਅਫਵਾਹਾਂ ਫੈਲ ਗਈਆਂ। ਇਸ ਦੌਰਾਨ ਪ੍ਰੀਟੀ ਜ਼ਿੰਟਾ ਦੇ ਘਰ ਨੂੰ ਉਸ ਦੀ ਘਰੇਲੂ ਕੰਮ ਵਾਲੀ ਨੇ ਹੀ ਸਨ੍ਹ ਲਾ ਦਿੱਤੀ। ਸਭ ਕੁਝ ਸਹਿ ਕੇ ਮਨ ਸ਼ਾਂਤ ਕਰਨ ਲਈ ਪੌਣੇ ਦੋ ਮਹੀਨੇ ਪ੍ਰੀਟੀ ਫ਼ਿਲਮੀ ਨਕਸ਼ੇ ਤੋਂ ਗਾਇਬ ਰਹੀ। ਇਸੇ ਦੌਰਾਨ ਤਿੰਨ ਨਵੀਆਂ ਫ਼ਿਲਮਾਂ ਵੀ ਉਸ ਦੀ ਝੋਲੀ ਪੈ ਗਈਆਂ ਹਨ। ਡਾਂਸ ਪ੍ਰੀਮੀਅਰ ਲੀਗ ਦਾ ਵੀ ਉਸ ਨੂੰ ਲਾਭ ਹੋਣਾ ਹੈ। ਕੁੱਲ ਮਿਲਾ ਕੇ ਪੌਣੇ ਦੋ ਮਹੀਨੇ ਗਾਇਬ ਰਹਿਕੇ ਤੇ ਚੁੱਪ ਰਹਿਕੇ ਪ੍ਰੀਟੀ ਨੇ ਕੁਝ ਖੱਟਿਆ ਹੀ ਹੈ ਗਵਾਇਆ ਨਹੀਂ ਹੈ। ਤਾਂ ਹੀ ਤਾਂ ਪ੍ਰੀਟੀ ਨੂੰ ਸਾਰੇ ਸਿਆਣੀ ਕੁੜੀ ਕਹਿੰਦੇ ਹਨ।

ਸ਼ਾਹਿਦ ਕਪੂਰ ਲਿਖੇਗਾ ਕਿਤਾਬ, ਹੁਸ਼ਿਆਰ ਜਨਾਬ



ਲਗਦਾ ਹੈ ਸ਼ਾਹਿਦ ਕਪੂਰ 'ਤੇ ਵੀ ਪੱਛਮੀ ਸੱਭਿਅਤਾ ਦਾ ਡੂੰਘਾ ਅਸਰ ਹੋ ਗਿਆ ਹੈ। ਉਥੇ ਮਸ਼ਹੂਰ ਹਸਤੀਆਂ ਨਿੱਕੀ ਮੋਟੀ ਗੱਲ 'ਤੇ ਹੀ ਕਿਤਾਬ ਲਿਖ ਮਾਰਦੀਆਂ ਹਨ। ਸ਼ਾਹਿਦ ਲੋਕਾਂ ਨੂੰ ਦੱਸਦਾ ਫਿਰ ਰਿਹਾ ਹੈ ਕਿ ਪੱਛਮੀ ਦੇਸ਼ਾਂ 'ਚ ਹੋਰ ਤੇ ਹੋਰ ਖਾਸ ਹਸਤੀਆਂ ਦੇ ਨਜ਼ਦੀਕੀ ਲੋਕ, ਸੱਜਣ ਤੇ ਇਥੋਂ ਤੱਕ ਰਸੋਈਏ ਤੇ ਡਰਾਈਵਰ ਵੀ ਆਪਣੇ ਸਾਹਬਾਂ 'ਤੇ ਪੁਸਤਕਾਂ ਲਿਖ ਦਿੰਦੇ ਹਨ। ਸ਼ਾਹਿਦ ਇਹ ਸਭ ਇਸ ਲਈ ਕਹਿ ਰਿਹਾ ਹੈ ਕਿ ਉਹ ਵੀ ਕਿਤਾਬਾਂ ਲਿਖਣ ਦੇ ਚੱਕਰਾਂ 'ਚ ਪੈ ਗਿਆ ਹੈ। ਅਜਿਹੀ ਹੀ ਇਕ ਕਿਤਾਬ ਸਬੰਧੀ ਉਸ ਨੇ ਆਪਣੀਆਂ ਦੋ ਫ਼ਿਲਮਾਂ ਦੀ ਪ੍ਰੈੱਸ ਕਾਨਫਰੰਸ ਦੌਰਾਨ ਵਿਸ਼ੇਸ਼ ਜ਼ਿਕਰ ਕੀਤਾ। ਜਦ ਵਿਦਿਆ ਬਾਲਨ ਤੋਂ ਲੈ ਕੇ ਸਾਨੀਆ ਮਿਰਜ਼ਾ ਤੱਕ ਪ੍ਰੇਮ ਸਬੰਧ ਸਬੰਧੀ ਸ਼ਾਹਿਦ ਨੂੰ ਪੁੱਛਿਆ ਗਿਆ ਤਾਂ ਉਸ ਨੇ ਹੱਸ ਕੇ ਕਿਹਾ ਕਿ ਇਨ੍ਹਾਂ ਦਾ ਜਵਾਬ ਉਸ ਦੀ ਲਿਖੀ ਕਿਤਾਬ ਪੜ੍ਹ ਕੇ ਮਿਲ ਜਾਏਗਾ। ਸ਼ਾਹਿਦ ਦਾ ਇਸ਼ਾਰਾ ਸਾਫ਼ ਸੀ ਕਿ ਉਹ ਆਪਣੀਆਂ ਪ੍ਰੇਮ ਕਹਾਣੀਆਂ 'ਤੇ ਕਿਤਾਬ ਲਿਖ ਰਿਹਾ ਹੈ। ਇਹ ਮਜ਼ਾਕ ਸੀ ਜਾਂ ਫਿਰ ਪੱਛਮੀ ਰੁਝਾਨ ਦਾ ਸ਼ਾਹਿਦ ਕਪੂਰ 'ਤੇ ਅਸਰ ਕਿ ਬਹੁਤ ਸਾਰੇ ਪ੍ਰਕਾਸ਼ਕ ਹੁਣ ਤੋਂ ਹੀ ਸ਼ਾਹਿਦ ਦੇ ਆਲੇ-ਦੁਆਲੇ ਘੁੰਮਣ ਲੱਗ ਪਏ ਹਨ ਤਾਂ ਜੋ ਉਸ ਵੱਲੋਂ ਲਿਖੀ ਜਾ ਰਹੀ ਕਿਤਾਬ ਦੇ ਅਧਿਕਾਰ ਉਹ ਖਰੀਦ ਸਕਣ। ਸ਼ਾਹਿਦ ਆਪਣੀ ਕਿਤਾਬ 'ਚ 'ਜਬ ਵੀ ਮੈੱਟ', 'ਦਿਲ ਬੋਲੇ ਹੜਿੱਪਾ', 'ਕਮੀਨੇ' ਫ਼ਿਲਮਾਂ ਦੀ ਸ਼ੂਟਿੰਗ ਦਾ ਜ਼ਿਕਰ ਵੀ ਕਰਨ ਜਾ ਰਿਹਾ ਹੈ। ਜਾਹਿਰ ਹੈ ਕਿ ਸੈਫ਼ ਅਲੀ ਖਾਨ ਜ਼ਰੂਰ ਸ਼ਾਹਿਦ ਦੀ ਕਿਤਾਬ ਸਭ ਤੋਂ ਪਹਿਲਾਂ ਖਰੀਦੇਗਾ। ਜੇਕਰ ਸ਼ਾਹਿਦ ਨੇ ਸਚਾਈ ਲਿਖ ਦਿੱਤੀ ਤਾਂ ਫਿਰ ਹਰਮਨ ਬਵੇਜਾ, ਸਾਨੀਆ ਮਿਰਜ਼ਾ, ਸੈਫ਼, ਕਰੀਨਾ ਕਪੂਰ ਦੇ ਦਿਲ 'ਤੇ ਕੀ ਬੀਤੇਗੀ, ਅੰਦਾਜ਼ਾ ਲਾ ਸਕਦੇ ਹੋ। ਸ਼ਾਹਿਦ ਦੀ ਇਹ ਗੱਲ ਮਜ਼ਾਕ ਨਿਕਲਦੀ ਹੈ ਜਾਂ ਸੱਚ ਪਰ ਪੱਛਮੀ ਸੱਭਿਅਤਾ ਦੇ ਅਸਰ ਨੇ ਸ਼ਾਹਿਦ ਦੇ ਨਾਲ ਕਈਆਂ ਨੂੰ ਸੋਚਾਂ 'ਚ ਪਾ ਦਿੱਤਾ ਹੈ।

ਜ਼ਿੱਦੀ ਵਿੱਦਿਆ ਬਾਲਨ

ਕੁਝ ਵੀ ਹੋਏ ਆਪਣੀ ਜ਼ਿੱਦ ਪੁਗਾ ਕੇ ਹੀ ਵਿੱਦਿਆ ਬਾਲਨ ਦਮ ਲੈਂਦੀ ਹੈ। 'ਪਰਣੀਤਾ' ਤੋਂ ਲੈ ਕੇ ਹੁਣ ਤੱਕ ਉਸ ਦੀ ਇਕ ਸ਼ਰਤ ਹੀ ਹੁੰਦੀ ਹੈ ਕਿ ਉਹ ਜੋ ਵੀ ਕਰੇਗੀ ਭੂਮਿਕਾ ਦੀ ਮੰਗ ਦੇ ਅਨੁਸਾਰ ਹੀ ਕਰੇਗੀ। ਇਸੇ ਕਰਕੇ ਪੂਰੇ ਪਹਿਰਾਵੇ 'ਚ ਉਹ ਰੁਮਾਂਟਿਕ ਦ੍ਰਿਸ਼ ਦੇ ਰਹੀ ਹੈ। ਉਹ ਸਾਫ਼ ਨਿਰਮਾਤਾ ਨੂੰ ਕਹਿੰਦੀ ਹੈ ਕਿ ਖਿੱਚ ਦਾ ਸਰੀਰਕ ਭਾਸ਼ਾ ਤੇ ਅੱਖਾਂ 'ਚੋਂ ਝਲਕਣੀ ਚਾਹੀਦੀ ਹੈ ਜਿਸ ਦੀ ਉਹ ਮਾਹਿਰ ਹੈ ਫਿਰ ਘੱਟ ਕੱਪੜੇ ਪਹਿਨਣ ਦੀ ਕੀ ਜ਼ਰੂਰਤ ? ਵਿੱਦਿਆ ਬਾਲਨ ਦੀ ਇਸ ਜ਼ਿੱਦ ਦਾ ਨਿਰਮਾਤਾਵਾਂ ਕੋਲ ਕੋਈ ਜੁਆਬ ਨਹੀਂ ਹੁੰਦਾ।

ਵਿਆਹ ਦੀ ਤਿਆਰੀ 'ਚ ਰੁੱਝੀ ਈਸ਼ਾ ਕੋਪੀਕਰ

ਨਵੰਬਰ ਵਿੱਚ ਸ਼ਿਲਪਾ ਸ਼ੈਟੀ ਦੇ ਇਲਾਵਾ ਇੱਕ ਹੋਰ ਅਭਿਨੇਤਰੀ ਵਿਆਹ ਕਰਨ ਜਾ ਰਹੀ ਹੈ। ਈਸ਼ਾ ਕੋਪੀਕਰ ਅਤੇ ਟਿੰਮੀ ਨਾਰੰਗ ਦਾ ਲੰਬੇ ਸਮੇਂ ਤੋਂ ਰੋਮਾਂਸ ਚੱਲ ਰਿਹਾ ਹੈ ਅਤੇ ਦੋਵਾਂ ਨੇ ਵਿਆਹ ਕਰਨ ਦਾ ਫੈਸਲਾ ਕੀਤਾ ਹੈ। 29 ਨਵੰਬਰ ਨੂੰ ਉਹ ਵਿਆਹ ਦੇ ਬੰਧਨ ਵਿੱਚ ਬੰਨ੍ਹੇ ਜਾਣਗੇ।

ਵਿਆਹ ਨੇੜੇ ਹੈ ਅਤੇ ਈਸ਼ਾ ਸ਼ੂਟਿੰਗ ਕਰ ਰਹੀ ਹੈ। ਉਹ ਚਾਹੁੰਦੀ ਹੈ ਕਿ ਵਿਆਹ ਤੋਂ ਪਹਿਲਾਂ ਉਹ ਆਪਣਾ ਕੰਮ ਖਤਮ ਕਰ ਦਵੇ। ਨਾਲ ਹੀ ਵਿਆਹ ਦੀਆਂ ਤਿਆਰੀਆਂ ਵੀ ਉਹਨਾਂ ਨੂੰ ਕਰਨੀਆਂ ਹਨ। ਇਸ ਲਈ ਈਸ਼ਾ ਦੇ ਕੋਲ ਸਮਾਂ ਨਹੀਂ ਹੈ।

ਈਸ਼ਾ ਦਾ ਕਹਿਣਾ ਹੈ ਕਿ ਉਹ ਦਿਨ ਨੇੜੇ ਆ ਗਿਆ ਹੈ, ਜਿਸਦਾ ਉਸ ਨੂੰ ਬੇਸਬਰੀ ਨਾਲ ਇੰਤਜਾਰ ਸੀ।

ਵੈਸ਼ਾਲੀ ਦੇਸਾਈ ਪੁਰਾਣੀਆਂ ਫ਼ਿਲਮਾਂ ਪਸੰਦ



'ਕੱਲ੍ਹ ਕਿਸ ਨੇ ਦੇਖਾ' ਫ਼ਿਲਮ 'ਚ ਚੰਗੇ ਕੰਮ ਦੇ ਕਾਰਨ ਅਭਿਨੇਤਰੀ ਵੈਸ਼ਾਲੀ ਦੇਸਾਈ ਦੀ ਪ੍ਰਸ਼ੰਸਾ ਬਾਲੀਵੁੱਡ ਨਾਲ ਨਾਤਾ ਰੱਖਣ ਵਾਲੇ ਹਰ ਸ਼ੁਲਝੇ ਹੋਏ ਇਨਸਾਨ ਨੇ ਕੀਤੀ ਸੀ। ਫ਼ਿਲਮਾਂ 'ਚ ਪੱਕੇ ਪੈਰੀਂ ਸਥਾਪਿਤ ਹੋਣ ਲਈ ਯਤਨ ਕਰ ਰਹੀ ਵੈਸ਼ਾਲੀ ਨੂੰ ਮਿੱਤਰਤਾ, ਸਨੇਹ, ਪਿਆਰ ਤੇ ਜਾਨਵਰਾਂ ਪ੍ਰਤੀ ਪਿਆਰ ਦੇ ਵਿਸ਼ੇ ਵਾਲੀਆਂ ਪੁਰਾਣੀਆਂ ਫ਼ਿਲਮਾਂ ਬਹੁਤ ਪਸੰਦ ਹਨ। ਵੈਸ਼ਾਲੀ ਸੋਚਦੀ ਹੈ ਕਿ ਕਿਤੇ ਉਹ ਵੀ ਪੁਰਾਣੀ ਫ਼ਿਲਮ 'ਹਾਥੀ ਮੇਰੇ ਸਾਥੀ' ਵਰਗੀ ਫ਼ਿਲਮ ਕਰੇ ਤੇ ਉਸ ਦੀ ਤਮੰਨਾ ਪੁਰਾਣੀ ਅਦਾਕਾਰਾ ਮੁਮਤਾਜ਼ ਦੀ ਤਰ੍ਹਾਂ ਚਮਕਣ ਦੀ ਹੈ। ਵੈਸ਼ਾਲੀ ਨੂੰ ਸੁਹੱਪਣ ਤੇ ਬਾਕੀ ਸਾਰੇ ਵਧੀਆ ਸਰੀਰਕ ਗੁਣ ਵੀ ਕੁਦਰਤ ਨੇ ਦਿੱਤੇ ਹਨ। ਸਭ ਤੋਂ ਪਹਿਲਾਂ ਲੈਕਮੇ ਫੈਸ਼ਨ ਵੀਕ 'ਚ ਆਪਣੀਆਂ ਅਦਾਵਾਂ ਨਾਲ ਚਮਕ-ਦਮਕ ਸੰਸਾਰ ਨੂੰ ਆਪਣੇ ਪ੍ਰਤੀ ਆਕਰਸ਼ਿਤ ਕਰਨ ਵਾਲੀ ਵੈਸ਼ਾਲੀ ਡੇਸਾਈ ਕਹਿੰਦੀ ਹੈ ਕਿ ਫੈਸ਼ਨ ਸ਼ੋਅ ਹੌਸਲਾ ਵਧਾਉਂਦੇ ਹਨ ਤੇ ਨਾਲ ਹੀ ਬਾਲੀਵੁੱਡ ਦੀ ਨਜ਼ਰ 'ਚ ਆਉਣ ਦਾ ਪ੍ਰਮੁੱਖ ਜ਼ਰੀਆ ਹਨ। ਢਾਕਾ ਵਿਖੇ ਸਾਰੀਆਂ ਸੁੰਦਰੀਆਂ ਨਾਲੋਂ ਫੈਸ਼ਨ ਮੇਲੇ 'ਚ ਵੈਸ਼ਾਲੀ ਨੂੰ ਹੀ ਜ਼ਿਆਦਾ ਸਨੇਹ ਮਿਲਿਆ ਸੀ ਤੇ ਇਸੇ ਤਰ੍ਹਾਂ ਸ੍ਰੀਲੰਕਾ ਵਿਖੇ ਵੀ ਉਹ ਲੋਕਾਂ ਦੀਆਂ ਨਜ਼ਰਾਂ ਦਾ ਕੇਂਦਰ ਫੈਸ਼ਨ ਵੀਕ 'ਚ ਬਣੀ ਰਹੀ ਸੀ। ਮਿਸ ਇੰਡੀਆ ਇੰਟਰਨੈਸ਼ਨਲ ਚਾਰ ਸਾਲ ਪਹਿਲਾਂ ਰਹਿ ਚੁੱਕੀ ਵੈਸ਼ਾਲੀ ਦਾ ਮਨਪਸੰਦ ਜਾਨਵਰ ਹਾਥੀ ਹੈ। ਵਿਸ਼ਾਲ ਤੇ ਕੋਮਲ ਦਿਮਾਗ ਵਾਲੀ ਵੈਸ਼ਾਲੀ ਦੇਸਾਈ ਮੁਗਧਾ ਗੋਡਸੇ ਨੂੰ ਨਵੀਆਂ ਅਭਿਨੇਤਰੀਆਂ 'ਚੋਂ ਸਭ ਤੋਂ ਜ਼ਿਆਦਾ ਪਸੰਦ ਕਰਦੀ ਹੈ। ਗੇਮੰਡ ਤੇ ਇੰਡੀਅਨ ਆਇਲ ਦੀ ਚਹੇਤੀ ਮਾਡਲ ਹੋਣ ਦਾ ਮਾਣ ਵੀ ਉਸ ਨੂੰ ਹਾਸਿਲ ਹੈ।

Tops Pizza



ਐਬਟਸਫੋਰਡ ਵਾਸੀਆਂ ਲਈ ਜਰਨੈਲ ਸਿੰਘ ਫਰੂਟੀਕੈਨਾਂ ਸਟੋਰ ਵਾਲਿਆਂ ਨੇ ਟੌਪਸ ਪੀਜ਼ਾ ਖੋਲ੍ਹ ਦਿੱਤਾ ਹੈ ਜਿੱਥੋਂ ਤੁਸੀਂ ਬਹੁਤ ਹੀ ਵਧੀਆ, ਜ਼ਾਇਕੇਦਾਰ ਅਤੇ ਕਰਾਰਾ ਪੀਜ਼ਾ ਹਫਤੇ ਦੇ ਸੱਤੇ ਦਿਨ ਲੈ ਸਕਦੇ ਹੋ।

ਖੁਸ਼ਖਬਰੀ! NOW OPEN ਖੁਸ਼ਖਬਰੀ!

ਇੱਕ ਵਾਰ ਖਾਓਗੇ ਤਾਂ ਵਾਰ ਵਾਰ ਆਓਗੇ।

OPENING SPECIAL
ANY LARGE PIZZA
$9.99

ਅਸੀਂ ਲੰਚ ਲਈ ਵੀ ਖੁੱਲਦੇ ਹਾਂ।
Open for Lunch and Dinner
Sunday - Thursday
11am - 11pm
Friday and Saturday
11am - 1am

We also carry breads, salads, wings and lasagna
ਤੁਸੀਂ ਸਾਡੇ ਕੋਲੋਂ ਲਜ਼ਾਨੀਆ,ਗਾਰਲਿਕ ਬਰੈਡ, ਚਿਕਨ ਵਿੰਗਜ਼ ਅਤੇ ਸੈਲਡਜ਼ ਵੀ ਲੈ ਸਕਦੇ ਹੋ

Eat In. Take Out. and Delivery
604•864•2225

TOPS BY NAME, TOPS BY TASTE!

UNIT 10 - 31205 Maclure Rd.
(Close to Punjab Sweets and Fruiticana in Ellwood Center) ਪੰਜਾਬ ਸਵੀਟਸ ਅਤੇ ਫਰੂਟੀਕੈਨਾ ਸਟੋਰ ਦੇ ਨੇੜੇ ਐਲਵੁੱਡ ਸੈਂਟਰ ਵਿੱਚ

ਕਾਵਿ - ਕਿਆਰੀ

ਲੋਫਰ ਮੁੰਡਿਆਂ ਤੋਂ

ਹਰਚੰਦ ਸਿੰਘ 'ਬਾਗੜੀ'

ਮਾਂ ਨੇ ਧੀ ਨੂੰ ਗੱਲ ਸਮਝਾਈ।
ਨਵੀਂ ਨਵੀਂ ਤੂੰ ਕਾਲਜ ਲਾਈ।
ਜੀ ਲਾ ਕੇ ਤੂੰ ਕਰੀਂ ਪੜ੍ਹਾਈ।
ਇਹੋ ਸਾਡਾ ਕਹਿਣਾ,
ਲੋਫਰ ਮੁੰਡਿਆਂ ਤੋਂ,
ਬੀਬਾ ਬਚਕੇ ਰਹਿਣਾ।

ਸਜ ਧਜ ਕੇ ਇਹ ਕਾਲਜ ਜਾਂਦੇ।
ਕੰਮ-ਕਾਰ ਨੂੰ ਹੱਥ ਨਾ ਲਾਂਦੇ।
ਮਾਂ-ਬਾਪ ਦੀ ਖੱਟੀ ਖਾਂਦੇ।
ਸਬਜ਼ ਬਾਗ਼ ਨੇ ਬੜੇ ਦਿਖਾਂਦੇ।
ਇਹ ਮੌਸਮੀ ਬੂਟੇ ਸਾਰੇ।
ਸੋਚ ਕੇ ਉਠਣਾ ਬਹਿਣਾ,
ਲੋਫਰ ਮੁੰਡਿਆਂ ਤੋਂ...।

ਇਨ੍ਹਾਂ ਦੇ ਕੁੱਝ ਹੱਥ ਨਾ ਪੱਲੇ।
ਵਿਚ ਜਵਾਨੀ ਹੋਏ ਝੱਲੇ।
ਮਾਂ-ਬਾਪ ਨੇ ਪੜ੍ਹਨੇ ਘੱਲੇ।
ਚੁੱਕੀ ਫਿਰਦੇ ਛਾਪਾਂ ਛੱਲੇ।
ਸਭ ਵਿਕਾਊ ਮਾਲ ਮੰਡੀ ਦਾ,
ਆਖਰ ਨੂੰ ਮੁੱਲ ਪੈਣਾ,
ਲੋਫਰ ਮੁੰਡਿਆਂ ਤੋਂ....।

ਮੱਥੇ ਉਤੇ ਨੂੰਹਾਂ ਧਰ ਲੈ।
ਬੁੱਲ੍ਹਾਂ ਉਥੇ ਜਿੰਦਾ ਜੜ ਲੈ।
ਕੰਨਾਂ ਦੇ ਵਿਚ ਫੰਬੇ ਭਰ ਲੈ।
ਸਾਦਾ ਤੂੰ ਪਹਿਰਾਵਾ ਕਰ ਲੈ।
ਚਾਲ-ਚਲਣ ਦੀ ਰੱਖੀ ਰਾਖੀ,
ਇਹ ਕੁੜੀਆਂ ਦਾ ਗਹਿਣਾ,
ਲੋਫਰ ਮੁੰਡਿਆਂ ਤੋਂ....।

'ਚੰਦ ਫਰਵਾਹੀ' ਇਬੇ ਪੜ੍ਹਿਆ।
ਪੜ੍ਹ ਕੇ ਆਪਣਾ ਰਸਤਾ ਫੜਿਆ।
ਚੁੱਪ-ਚਪੀਤੇ ਜੰਬੋ ਚੜ੍ਹਿਆ।
ਵਿੱਚ ਕੈਨੇਡਾ ਦੇ ਜਾ ਵੜਿਆ।
ਤੋਤੇ ਮਾਰ ਉਡਾਰੀ ਜਾਂਦੇ,
ਰੋਂਦੀਆਂ ਰਹਿ ਜਾਣ ਮੈਨਾ,
ਲੋਫਰ ਮੁੰਡਿਆਂ ਤੋਂ,
ਕੁੜੀਏ ਬਚਕੇ ਰਹਿਣਾ।

ਤੇਰੀ ਯਾਦ ਆਏ

ਹਰਭਜਨ ਸਿੰਘ 'ਮਾਂਗਟ'

ਕੁਝ ਇਸ ਤਰ੍ਹਾਂ ਦੋ ਨਾਲ ਮੈਨੂੰ ਤੇਰੀ ਯਾਦ ਆਏ
ਰੋਂਦੀ ਰੋਂਦੀ ਤਰੇਲ ਜਿਉਂ, ਫੁੱਲਾਂ ਗਲ ਲਗ ਜਾਏ।
ਕੁਝ ਇਸ ਤਰ੍ਹਾਂ.....

ਪੌਣਾਂ 'ਚ ਸੁਗੰਧੀਆਂ ਤੇ ਦਿਨ ਨੇ ਬਹਾਰਾਂ ਦੇ,
ਆਉਣ ਚੇਤੇ ਦਿਨ ਮੈਨੂੰ, ਕੋਲਾਂ ਤੇ ਕਰਾਰਾਂ ਦੇ,
ਅੱਖੀਆਂ ਨੇ ਹੰਝੂਆਂ ਦੇ, ਦੀਵੇ ਨੇ ਜਗਾਏ।
ਕੁਝ ਇਸ ਤਰ੍ਹਾਂ.....

ਮੇਰੇ ਨਾਲ ਰੁੱਸ ਗਏ, ਖੁਸ਼ੀਆਂ ਦੇ ਪਲ ਨੀ,
ਕਿਹੜਾ ਦੱਸੇ ਉਨ੍ਹਾਂ ਨੂੰ, ਮਨਾਉਣ ਦਾ ਵਲ ਨੀ,
ਮੈਂ ਹਿਜਰਾਂ ਦੇ ਗੀਤ ਹੀ ਤਾਂ, ਦਿਨ ਰਾਤ ਗਾਏ।
ਕੁਝ ਇਸ ਤਰ੍ਹਾਂ.....

ਤਾਰਿਆਂ ਨੇ ਆਪੋ ਵਿਚ, ਰਾਤ ਗੱਲਾਂ ਕੀਤੀਆਂ,
ਦਸੋ ਕੋਈ ਸਾਨੂੰ ਏਹ, ਕਿਹੀਆਂ ਨੇ ਪ੍ਰੀਤੀਆਂ?
ਕਾਹਤੋਂ ਸਾਡੇ ਵਾਂਗ ਅੱਖ, 'ਮਾਂਗਟ' ਨਾ ਲਏ।
ਕੁਝ ਇਸ ਤਰ੍ਹਾਂ ਦੇ ਨਾਲ ਮੈਨੂੰ, ਤੇਰੀ ਯਾਦ ਆਏ।

ਏਸੇ ਨੂੰ ਤਾਂ ਆਖਦੇ ਕਬੀਲਦਾਰੀ

ਰਣਜੀਤ ਸਿੰਘ ਕਿੰਗਰਾ

ਚਾਅ ਚਾਅ ਵਿਚ ਬੰਦਾ ਵਿਆਹ ਕਰਵਾਉਂਦਾ ਏ।
ਬੰਚੇ ਜੇਮ, ਪਾਲ ਪੋਸ, ਰੱਜ ਕੇ ਪੜ੍ਹਾਉਂਦਾ ਏ।
ਵੱਡੇ ਹੋ ਕੇ ਰੱਖਦੇ ਨੇ, ਮੱਤ ਮਾਰੀ ਮਿੱਤਰੋ।
ਏਸੇ ਨੂੰ ਤਾਂ ਆਖਦੇ ਕਬੀਲਦਾਰੀ ਮਿੱਤਰੋ।

ਬੇਬੇ ਕਹਿੰਦੀ ਪੁੱਤ, ਮੇਰਾ, ਵਹੁਟੀ ਕਹੇ ਪਤੀ ਮੇਰਾ ਏ।
ਪਿਸਦਾ ਦੋ ਪੁੜੀਂ ਬੰਦਾ ਉਤਰਿਆ ਚਿਹਰਾ ਏ।
ਨਾਰੀ ਨਾਲ ਵੈਰ ਹੈ ਕਮਾਉਂਦੀ ਨਾਰੀ ਮਿੱਤਰੋ।
ਏਸੇ ਨੂੰ ਤਾਂ ਆਖਦੇ ਕਬੀਲਦਾਰੀ ਮਿੱਤਰੋ।

ਕਹਿਣ ਮੁੰਡਾ ਵਹੁਟੀ ਨੇ ਤਾਂ ਜਮਾਂ ਥੱਲੇ ਲਾ ਲਿਆ।
ਚਾਲਾਂ ਤੇ ਚਲਿੱਤਰਾਂ ਨਾਲ, ਬੁੱਧੂ ਹੀ ਬਣਾ ਲਿਆ।
ਰਿਸ਼ਤੇ ਕੀ ਕਰਦੇ ਆ ਕਲਾਕਾਰੀ ਮਿੱਤਰੋ।
ਏਸੇ ਨੂੰ ਤਾਂ ਆਖਦੇ ਕਬੀਲਦਾਰੀ ਮਿੱਤਰੋ।

ਪਹਿਲਾਂ ਮਾਪਿਆਂ ਤੋਂ, ਫੇਰ ਬੱਚਿਆਂ ਤੋਂ ਡਰਦੇ।
ਦੁੱਖ ਭੈਣਾਂ, ਵੀਰਾਂ ਦਾ ਵੀ ਹੱਸ ਹੱਸ ਜਰਦੇ।
ਹੁੰਦੀ ਫੇਰ ਅੱਗੇ ਜਾਣ ਦੀ ਤਿਆਰੀ ਮਿੱਤਰੋ।
ਏਸੇ ਨੂੰ ਤਾਂ ਆਖਦੇ ਕਬੀਲਦਾਰੀ ਮਿੱਤਰੋ।

ਬੁੱਢੇ ਮਾਪੇ ਫਿਰਦੇ ਨੇ ਦਰ ਦਰ ਰੁਲਦੇ,।
ਕਿਥੇ ਗਏ ਉਹ ਉਹ ਚਰਾਗ ਬੋਡੀ ਕੁਲ ਦੇ।
ਜਿਨ੍ਹਾਂ ਪਿੱਛੇ ਜਿੰਦਗੀ ਗੁਮਾਤੀ ਮਿੱਤਰੋ।
ਏਸੇ ਨੂੰ ਤਾਂ ਆਖਦੇ ਕਬੀਲਦਾਰੀ ਮਿੱਤਰੋ।

ਹੋਰਾਂ ਲਈ ਨਾ ਲੋਕੋ ਸਾਰੀ ਜਿੰਦਗੀ ਗੁਮਾ ਦਿਓ।
ਜਿੱਥੋਂ ਮਿਲੇ ਪਿਆਰ ਉਥੇ ਸਿਰ ਨਾਲ ਨਿਭਾ ਦਿਓ।
'ਕਿੰਗਰੇ ਚਕਰ' ਦੀ ਤਾਂ ਪੱਕੀ ਯਾਰੇ ਮਿੱਤਰੋ।
ਏਸੇ ਨੂੰ ਤਾਂ ਆਖਦੇ ਕਬੀਲਦਾਰੀ ਮਿੱਤਰੋ।

ਹਰ ਦੀਨ ਧਰਮ ਦਾ ਹੁੰਦਾ ਏ ਸਤਿਕਾਰ ਕੈਨੇਡਾ ਵਿੱਚ

ਜੀਵਨ 'ਰਾਮਪੁਰੀ'

ਹਰ ਦੀਨ ਧਰਮ ਦਾ ਹੁੰਦਾ ਏ ਸਤਿਕਾਰ ਕਨੇਡਾ ਵਿੱਚ।
ਇਕ ਦੂਜੇ ਨੂੰ ਸਭ ਕਰਦੇ ਨੇ ਪਿਆਰ ਕਨੇਡਾ ਵਿੱਚ।
ਰਿਸ਼ਵਤ ਅਤੇ ਘਪਲੇ ਦਾ ਕਿਧਰੇ ਵੀ ਨਿਸ਼ਾਨ ਨਹੀਂ।
ਜੋ ਕਰਦਾ ਹੈ ਭੰਨ ਤੋੜੀ ਸਿਆਸੀ ਸ਼ੈਤਾਨ ਨਹੀਂ।
ਹਰ ਧਰਮ ਦੇ ਹੱਕ ਸੱਚ ਦਾ ਏ ਪਰਚਾਰ ਕਨੇਡਾ ਵਿੱਚ।
ਇਕ ਦੂਜੇ ਨੂੰ ਸਭ ਕਰਦੇ ਨੇ ਪਿਆਰ ਕਨੇਡਾ ਵਿੱਚ।

ਹੈ ਪੂਰਨ ਅਜ਼ਾਦੀ ਹਰ ਇਕ ਨਰ ਤੇ ਨਾਰੀ ਨੂੰ।
ਬਖਸ਼ਿਆ ਪਰ ਨਹੀਂ ਜਾਂਦਾ ਬਦ ਨੂੰ ਬਦਕਾਰੀ ਨੂੰ।
ਪਾਰਦਰਸੀ ਚਲਦਾ ਹੈ ਵਿਉਪਾਰ ਕਨੇਡਾ ਵਿੱਚ।
ਇਕ ਦੂਜੇ ਨੂੰ ਕਰਦੇ ਨੇ ਸਭ ਪਿਆਰ ਕਨੇਡਾ ਵਿੱਚ।

ਏਥੇ ਦਾ ਕੁਰੱਪਟ ਲੀਡਰ ਵਧ ਫੁੱਲ ਨਹੀਂ ਸਕਦਾ।
ਉਹਦੀ ਕਾਰ ਤੇ ਸਰਕਾਰੂ ਝੰਡਾ ਝੁਲ ਨਹੀਂ ਸਕਦਾ।
ਡਰਾਉਂਦੇ ਧਮਕਾਉਂਦੇ ਨਹੀਂ ਬਾਣੇਦਾਰ ਕਨੇਡਾ ਵਿੱਚ।
ਸਗੋਂ ਕਰਦੇ ਉਹ ਹਰਇਕ ਦਾ ਸਤਿਕਾਰ ਕਨੇਡਾ ਵਿੱਚ।

ਰਾਖੀ ਮਾਨਵ ਹੱਕਾਂ ਦੀ ਚਾਰਟਰ ਆਫ ਰਾਈਟਸ ਏਥੇ।
ਖੁਸ਼ੀ ਖੁਸ਼ੀ ਰਲ ਮਿਲ ਵਸਦੇ ਬਲੈਕ ਬਰਾਉਨ ਤੇ ਨਾਈ ਏਥੇ।
ਸਾਫ ਸੁਥਰੇ ਲੀਡਰ ਦਾ ਕਿਰਦਾਰ ਕਨੇਡਾ ਵਿੱਚ।
ਹਰ ਨਰ ਤੇ ਨਾਰੀ ਦਾ ਹੁੰਦੇ ਸਤਿਕਾਰ ਕਨੇਡਾ ਵਿੱਚ।

ਪੰਜਾਬੀਆਂ ਬਹੁਧੱਪੀਤੀ ਏਥੇ ਮੱਲਾਂ ਮਾਰਲੀਆਂ
ਬਹੁ ਮੰਜਲੀਆਂ ਬਹੁ ਭਾਂਤੀ ਜਾਇਦਾਦਾਂ ਉਸਾਰਲੀਆਂ
ਸਾਡਾ ਵਧਦੇ ਦਿਨੇ ਦਿਨੀਂ ਅਧਿਕਾਰ ਕਨੇਡਾ ਵਿੱਚ।
ਸਾਡਾ ਵਧਦੇ ਦਿਨੇ ਦਿਨੀਂ ਸਤਕਾਰ ਕਨੇਡਾ ਵਿੱਚ।

ਸੁਰ ਬਿਨਾਂ ਜੀਵਨ ਖਾਲੀ

ਮਰਹੂਮ ਸੁਰਜੀਤ 'ਰਾਮਪੁਰੀ'

ਸੁਰ ਬਿਨਾਂ ਜੀਵਨ ਖਾਲੀ।
ਸੁੰਨੀ ਦੁਨੀਆਂ 'ਤੇ ਫੈਲਾਂਦੇ,
ਗੀਤਾਂ ਸੰਗ ਹਰਿਆਲੀ।

ਦੇਵਤਿਆਂ ਦੀ ਬਾਣੀ ਸੁਰ ਹੈ,
ਤੇ ਨਦੀਆਂ ਦਾ ਪਾਣੀ ਸੁਰ ਹੈ,
ਝੂਮ ਝੂਮ ਕੇ ਗਾਵਣ ਵਾਵਾਂ,
ਕੁਦਰਤ ਹੈ ਮਤਵਾਲੀ।

ਪੱਤਿਆਂ ਨੇ ਹੈ ਗਿੰਧਾ ਪਾਇਆ,
ਕਿਧਰੇ ਕੋਈ ਪੰਛੀ ਗਾਇਆ,
ਤਿੰਤਰ-ਖੰਭੀ ਬਦਲੀ ਆਈ,
ਮਸਤ, ਸਲੋਨੀ, ਕਾਲੀ।

ਗੁਨਗੁਨਾਹਟ ਬਰ ਬਰ ਕੰਬਦੀ,
ਗੀਤਾਂ ਦੀ ਕਣਸੋਅ ਪਈ ਲੱਭਦੀ,
ਬੁੱਲ੍ਹ ਲਹਿਰਾਂ ਦੇ ਤੜਪ ਰਹੇ ਨੇ,
ਜੀਕਰ ਬਣੇ ਸਵਾਲੀ.....

ਬਰਕ ਰਿਹਾ ਕਿਧਰੇ ਇਕ ਤਾਰਾ,
ਅਨਹਦ ਅਨਹਦ ਦਾ ਝੁਨਕਾਰਾ,
ਬੇਸ਼ਬਦੀ-ਸੰਗੀਤ ਸੁਣੀਂਦਾ,
ਧਰਤੀ ਝਰਨਿਆਂ ਵਾਲੀ।

ਲੈ ਜਾ ਮੇਰਾ 'ਸ਼ੇਰ' ਪੁਰਾਣਾ,
ਦੇ ਜਾਂ ਕੋਈ ਗੀਤ ਸੁਹਾਣਾ
ਇਕ ਸੁਰ ਹੋਵੇ ਮਨ ਦੀ ਸੁਰਤੀ,
ਨਗਮੇ ਗਾਵਣ ਵਾਲੀ।
ਸੁਰ ਬਿਨਾਂ ਜੀਵਨ ਖਾਲੀ।

ਰੁਬਾਈਆਂ

ਮਰਹੂਮ ਦਰਸ਼ਨ ਸਿੰਘ 'ਅਵਾਰਾ'

ਪੀ ਲੈ ਅੱਜ ਅਵਾਰਾ ਪੀ ਲੈ,
ਨਾਹ ਨਾ ਕਰ, ਓ ਯਾਰਾ ਪੀ ਲੈ।
ਇਸ ਜੀਵਨ ਦਾ ਭਰਿਆ ਪਿਆਲਾ,
ਘੁੱਟ ਘੁੱਟ ਕਰਕੇ ਸਾਰਾ ਪੀ ਲੈ।

ਹੱਥ ਆਈ ਨਹੀਂ ਛੇੜਨ ਜੋਗੀ,
ਇਹ ਨਿਹਮਤ ਨਹੀਂ ਮੋੜਨ ਜੋਗੀ।
ਤੋੜਾ ਟੁੱਟੀ, ਫਿਰ ਕਰ ਲੈਸਾਂ,
ਇਹ ਹੁੰਦੀ ਹੈ ਤੋੜਨ ਜੋਗੀ।

ਯਾਰਾ ਕੋਲੋਂ ਇੰਝ ਕਿਨਾਰਾ,
ਵਾਹ ਓਏ! ਮੇਰਿਆ ਭੋਲਿਆ ਯਾਰਾ।
ਇਕੋ ਤਾਂ ਹੈ ਜਾਤ ਅਸਾਡੀ,
ਤੂੰ ਹਰਜਾਈ ਮੈਂ ਅਵਾਰਾ।

ਕੰਢਿਆਂ ਤੀਕ ਪਿਆਲਾ ਭਰਦੇ,
ਲਾਹ ਦੇ ਝੋਰੇ ਰੋਜ਼ੇ-ਹਸ਼ਰ ਦੇ।
ਸਦਕੇ ਜਾਵਾਂ ਸਾਕੀ ਤੈਥੋਂ,
ਅੱਜ ਬੰਦੇ ਨੂੰ ਮੋਲਾ ਕਰਦੇ।

ਗੁਨਾਹਗਾਰ, ਐਬੀ ਤੇ ਗੰਦਾ,
ਇਹ ਨਹੀਂ ਗਿਣਿਆ ਜਾਂਦਾ ਮੰਦਾ।
ਸ਼ੇਖ ਜੀ ਇਹ ਮੈਖਾਨੇ ਏਥੇ,
ਬੰਦੇ ਨੂੰ ਸਭ ਸਮਝਣ ਬੰਦਾ।

ਨਾ ਮੈਂ ਹੂਰਾਂ 'ਤੇ ਭਰਮਾਇਆ,
ਨਾਂ ਮੈਂ ਭੁੱਲਾਂ 'ਤੇ ਪਛਤਾਇਆ।
ਨਾ ਮੈਂ ਦਿਲੋਂ ਪਲੀਤੀ ਛੱਡੀ,
ਨਾ ਮੈਂ ਕਦੀ ਮਸੀਤੀ ਆਇਆ।

ਆ ਕੇ ਮੇਰੀ ਕਬਰ ਦੁਆਲੇ,
ਜੇ ਕੋਈ ਦਰਦੀ ਦੀਵਾ ਬਾਲੇ।
ਉਸ ਨੂੰ ਕਹਿਣਾ, ਉਸ ਦੀਵੇ ਨੂੰ,
ਪਹਿਲਾਂ ਮੈਅ ਵਿਚ ਖੂਬ ਹੰਗਾਲੇ।

ਮੱਥੇ ਉਪਰ ਤਿਉੜੀ ਪਾ ਕੇ,
ਮੇਰਾ ਭਰਿਆ ਜਾਮ ਰੁਜ਼ੂਕੇ।
ਔਹ! ਚੱਲਿਆ ਜੇ ਮੱਕੇ ਹਾਜ਼ੀ,
ਦਿਲ ਦਾ ਜਿਉਂਦਾ ਕਾਹਬਾ ਢਾਕੇ।

ਜੰਗਲ ਦਾ ਸੁਨੇਹਾ

ਸੁਰਿੰਦਰ 'ਰਾਮਪੁਰੀ'

ਉਹ ਆਖਦੇ
ਮੈਂ ਜੰਗਲ ਹਾਂ
ਜੰਗਲੀ ਤਾਂ ਨਹੀਂ ਹਾਂ।
ਉਹ ਆਖਦੇ
ਤੁਸੀਂ ਆਧੁਨਿਕ ਬਣਦੇ ਹੋ
ਤਰਤੀਬ ਦਿੱਤੀ ਬਗੀਚੀ ਦੀ ਤਰ੍ਹਾਂ।
ਉਹ ਆਖਦੇ
ਜੰਗਲ ਦਾ ਹਿਰਦਾ ਵਿਸ਼ਾਲ ਹੁੰਦਾ ਹੈ
ਸਮੁੰਦਰ ਦੀ ਤਰ੍ਹਾਂ।

ਉਹ ਤਾਂ ਇਹ ਵੀ ਆਖਦੇ
ਜੰਗਲ ਮਨੁੱਖ ਨੂੰ ਆਪਣੇ ਅੰਦਰ
